# pwpI ky mwrny pwp mhW blI hY

ਸਾਡੀ ਧਰਤੀ ਦੇ ਅੰਦਰ ਅਨੇਕਾਂ ਕਿਸਮ ਦੇ **ਤੱਤ** (Elements) ਹਨ। ਇਨ੍ਹਾਂ ਤੱਤਾਂ ਦੇ ਇਕ ਦੂਜੇ ਨਾਲ ਮਿਲ ਕੇ ਕਈ ਹੋਰ **ਮਿਲਗੋਭੇ ਤੱਤ** (Complex Elements) ਬਣਦੇ ਰਹਿੰਦੇ ਹਨ। ਇਸ ਤਰ੍ਹਾਂ ਅਨੇਕਾਂ ਕਿਸਮਾਂ ਦੇ ਮਿਲਗੋਭੇ ਤੱਤ ਜਦ ਆਪਸ ਵਿਚ ਹੀ ਰਗੜ ਖਾਂਦੇ ਹਨ, ਤਾਂ ਇਨ੍ਹਾਂ ਵਿਚੋਂ ਅਗਨੀ ਪੈਦਾ ਹੁੰਦੀ ਹੈ। ਇਨ੍ਹਾਂ ਸਮੁੱਚੇ ਤੱਤਾਂ ਦੀ ਮਘਾਈ ਹੋਈ **'ਅੱਗ'** ਵੱਧਦੀ-ਵੱਧਦੀ, ਰਿੱਝਦੀ-ਰਿੱਝਦੀ ਬਹੁਤ ਵੱਡਾ **ਭਾਂਬੜ** ਬਣ ਜਾਂਦੀ ਹੈ। ਜੋ ਚੀਜ਼ ਵੀ ਇਸ ਭਾਂਬੜ ਦੀ ਲਪੇਟ ਵਿਚ ਆ ਜਾਵੇ, ਉਸ ਨੂੰ ਭੀ ਢਾਲ ਕੇ **ਅਗਨੀ-ਰੂਪ 'ਲਾਵਾ'** ਹੀ ਬਣਾ ਦੇਂਦੀ ਹੈ। ਜਦ ਵੀ ਇਸ ਭਾਂਬੜ ਵਿਚ ਨਵਾਂ ਤੱਤ ਆ ਮਿਲਦਾ ਹੈ, ਤਾਂ ਇਸ ਵਿਚੋਂ ਧਮਾਕਾ ਨਿਕਲਦਾ ਹੈ ਤੇ ਧਰਤੀ ਹਿਲਦੀ ਹੈ, ਜਿਸ ਨੂੰ 'ਭੁਚਾਲ' ਆਖਦੇ ਹਾਂ। ਇਹ ਅਤਿਅੰਤ ਵੱਡੀ ਅਗਨ ਦੀ **'ਭੱਠੀ'** ਜਦ ਆਪਣੇ ਆਪ ਵਿਚ ਨਹੀਂ ਸਮਾਉਂਦੀ ਤੇ ਧਰਤੀ ਤੋਂ ਬਾਹਰ ਉਬਲ ਕੇ, ਉੱਛਲ ਆਉਂਦੀ ਹੈ, ਤਾਂ ਇਸ ਨੂੰ 'ਜਵਾਲਾਮੁਖੀ ਦਾ ਫਟਣਾ' (eruption of volcano) ਆਖਦੇ ਹਨ। ਇਹੋ ਜਿਹੇ ਜਵਾਲਾਮੁਖੀ ਦੇ ਧਮਾਕੇ ਤੇ ਉਬਾਲ ਹੁੰਦੇ ਰਹਿੰਦੇ ਹਨ, ਜਿਸ ਨਾਲ ਅਤਿਅੰਤ ਤਬਾਹੀ ਹੁੰਦੀ ਹੈ। ਇਹ ਧਰਤੀ ਵਿਚਲੀ ਅਗਨੀ ਦਾ ਭਾਂਬੜ ਬੜੇ ਲੰਮੇ ਅਰਸੇ ਤਾਈਂ ਧਰਤੀ ਦੇ ਅੰਦਰ ਹੀ ਮੱਘਦਾ ਤੇ ਰਿੱਝਦਾ ਰਹਿੰਦਾ ਹੈ, ਤੇ ਅੰਤ ਵਿਚ ਧਰਤੀ ਤੋਂ ਬਾਹਰ ਫੁਟ ਕੇ ਬੇਅੰਤ ਤਬਾਹੀ ਦਾ ਕਾਰਣ ਬਣਦਾ ਹੈ।

ਇਸੇ ਤਰ੍ਹਾਂ ਧਰਤੀ ਦੇ ਉਪਰ ਵੀ ਕਈ ਤੱਤ ਕੰਮ ਕਰਦੇ ਹਨ, ਤੇ ਇਨ੍ਹਾਂ ਤੱਤਾਂ ਦੇ ਮੇਲ ਤੋਂ ਅਨੇਕਾਂ ਵਿਰੋਧੀ ਤੱਤ (cross-currents) ਉਪਜਦੇ ਹਨ, ਜਿਸ ਤੋਂ ਕਈ ਕਿਸਮ ਦੇ ਕੁਦਰਤੀ ਭਉਜਲ (calamity) ਵਰਤਦੇ ਹਨ, ਜਿਹਾ ਕਿ—ਹਨੇਰੀਆਂ, ਤੂਫਾਨ, ਹੜ੍ਹ, ਗੜ੍ਹੇ ਆਦਿ। ਇਹ ਵੀ ਅਤਿਅੰਤ ਤਬਾਹੀ ਦਾ ਕਾਰਨ ਬਣਦੇ ਹਨ।

ਅਕਾਸ਼ ਵਿਚ ਵੀ ਕਈ ਕਿਸਮ ਦੇ ਤੱਤਾਂ ਦੇ ਕਿਸੇ ਖਾਸ ਡਿਗਰੀ ਤੇ, ਮੇਲ ਹੋਣ ਨਾਲ ਬੇਅੰਤ ਤਾਕਤ ਦੀ ਬਿਜਲੀ ਪੈਦਾ ਹੋ ਕੇ ਗਰਜਦੀ ਹੈ, ਤੇ ਖਿਨ ਵਿਚ ਆਪਣਾ ਚਮਤਕਾਰ ਦਿਖਾ ਕੇ ਅਲੋਪ ਹੋ ਜਾਂਦੀ ਹੈ।

"**ਜੋ ਬ੍ਰਹਮੰਡੇ ਸੋਈ ਪਿੰਡੇ** ਜੋ ਖੋਜੈ ਸੋ ਪਾਵੈ" (ਪੰਨਾ-੬੯੫) ਦੇ ਗੁਰਵਾਕ ਅਨੁਸਾਰ ਜੋ ਕੁਝ ਬਾਹਰ ਕੁਦਰਤੀ ਕੌਤਕ ਜਾਂ **ਭਉਜਲ ਵਰਤਦੇ ਹਨ,** ਉਸੇ ਤਰ੍ਹਾਂ ਸਾਡੇ ਅੰਦਰ ਸਾਡੇ **'ਮਨ ਦੀ ਦੁਨੀਆਂ'** ਵਿਚ ਸਦਾ ਹੀ ਮਾਨਸਿਕ **ਰੋਲ ਘਚੋਲਾ** ਅਥਵਾ ਭੜਥੂ ਪਿਆ ਰਹਿੰਦਾ ਹੈ। ਬਾਹਰਲੇ **ਭਉਜਲਾਂ ਦਾ ਕਾਰਨ** ਤਾਂ ਕੁਦਰਤੀ **ਤੱਤਾਂ ਦੇ ਮੇਲ** ਤੋਂ ਹੁੰਦਾ ਹੈ, ਪਰ ਸਾਡੀ



## LEKH 104 Sin is all powerful to destroy the sinner

In our earth there are many kinds of elements. These elements combining with each other form other complex elements. Thus when these complex elements of various types rub against one another, then fire is created from their friction. The simmering fire of all these elements, becoming larger and larger, rages on to become a huge flame. Whatever comes in the grasp of this flame, it is melted and made into fire-like lava. Whenever a new element comes into contact with this flame, an explosion occurs and the earth experiences a movement which (we) call 'earth-quake'. When this 'furnace' of a very great fire cannot contain the fire within it, then the boiling fire gushes out of the earth and this is said to be the eruption of a volcano. Such explosions and eruptions of volcanoes occur from time to time as a result of which tremendous destruction is caused. This flame of fire in the earth simmers and boils for a long period of time and eventually exploding out of earth becomes a cause of limitless destruction.

Similarly many elements are working on this earth, and the combination of them create various cross-currents resulting in various types of natural calamities such as—storms, typhoons, floods, hail-stones etc which become the cause of intensive and extensive destruction too.

In the sky also the combination of various types of elements at a certain degree creates lightning of tremendous power and striking with thunder, it shows its phenomenon in a moment and disappears.

According to Gurbani, *'Whatever is in the universe is also in the body' (Page 695).* Just as natural disasters or calamities take place outside, similarly inside us in the 'world of our mind' mental muddle or confusion is always there. The cause of external calamities is due to the combination of natural elements but the confusion

ਮਾਨਸਿਕ ਦੁਨੀਆਂ ਦੇ ਭੜਥੂ ਅਥਵਾ **ਰੌਲ-ਘਚੋਲੇ ਦਾ ਕਾਰਨ ਸਾਡੇ ਆਪਣੇ ਨੀਵੇਂ ਖਿਆਲ ਹੀ ਹਨ।**

ਸਾਡੇ ਮਨ ਵਿਚ ਤਿੰਨ ਕਿਸਮਾਂ ਦੇ ਖਿਆਲ ਉਪਜਦੇ ਹਨ—

1. ਦੈਵੀ ਜਾਂ ਉਤਮ ਭਗਤੀ ਵਾਲੇ ਖਿਆਲ
2. ਨਿਰਪੱਖ ਖਿਆਲ
3. ਨੀਵੇਂ ਗਿਲਾਨੀ ਵਾਲੇ ਖਿਆਲ

ਇਨ੍ਹਾਂ ਖਿਆਲਾਂ ਦੇ ਉਪਜਣ ਦੇ ਕਈ ਕਾਰਨ ਹਨ, ਜਿਵੇਂ ਕਿ—

ਸਾਧ ਸੰਗਤ ਕਰਦਿਆਂ **ਉਤਮ ਖਿਆਲ** ਉਪਜਦੇ ਹਨ।

ਕੁਸੰਗਤ ਕਰਦਿਆਂ **ਨੀਵੇਂ ਖਿਆਲ** ਉਪਜਦੇ ਹਨ।

ਪਿਛਲੇ ਸੰਸਕਾਰਾਂ ਦਾ ਵੀ ਸਾਡੇ ਖਿਆਲਾਂ ਤੇ **ਅਸਰ** ਪੈਂਦਾ ਹੈ।

ਪਿਛਲੇ ਸੰਸਕਾਰ ਤਾਂ ਸਾਡੇ ਵਸ ਵਿਚ ਨਹੀਂ ਹਨ, ਪਰ ਜਿਉਂ-ਜਿਉਂ ਅਸੀਂ ਸਤਸੰਗਤ ਕਰਦੇ ਜਾਵਾਂਗੇ, ਸ਼ੁਭ ਉਤਮ ਭਾਵ ਵਾਲੇ ਖਿਆਲਾਂ ਦੀ ਬਹੁਲਤਾ ਨਾਲ ਸਹਿਜੇ-ਸਹਿਜੇ ਸਾਡੇ ਸੰਸਕਾਰ ਵੀ **ਬਦਲ** ਸਕਦੇ ਹਨ।

ਇਹ ਗੱਲ ਦ੍ਰਿੜ੍ਹ ਕਰਨ ਵਾਲੀ ਹੈ, ਕਿ ਸਾਡੇ ਮਨ ਦੇ **ਖਿਆਲ ਜਾਂ ਭਾਵਨਾ** ਹੀ ਮੁੱਢਲਾ ਕਾਰਨ ਜਾਂ ਬੀਜ ਹਨ, ਜੋ ਸਾਡੇ ਜੀਵਨ ਨੂੰ—

| | | |
|---|---|---|
| ਸੁਖਦਾਈ | ਯਾ | ਦੁਖਦਾਈ |
| ਕਾਮਯਾਬ | ਯਾ | ਨਿਸ਼ਫਲ |
| ਨੇਕ | ਯਾ | ਬਦ |
| ਪਰਮਾਰਥੀ | ਯਾ | ਮਾਇਕੀ |
| ਸ਼ਾਂਤ | ਯਾ | ਅਸ਼ਾਂਤ |
| ਪ੍ਰੇਮ-ਮਈ | ਯਾ | ਫੋਕਾ |
| ਸੁਰਗ | ਯਾ | ਨਰਕ |
| ਨਿਰਮਲ | ਯਾ | ਮਲੀਨ |
| ਆਸਤਿਕ | ਯਾ | ਨਾਸਤਿਕ |
| ਗੁਰਮੁਖ | ਯਾ | ਮਨਮੁਖ |

**ਬਣਾਉਣ ਦੇ ਸਮਰੱਥ ਹਨ।** ਇਸੇ ਲਈ ਗੁਰਬਾਣੀ ਵਿਚ ਸਾਨੂੰ **ਕੁਸੰਗਤ ਤੋਂ ਬਚਣ** ਦਾ



or muddle of our mental world is due to our own low base thoughts.

Three types of thoughts arise in our minds—

1. Divine or sublime thoughts of devotion
2. Neutral thoughts
3. Low base corrupted thoughts

There are many reasons for the sprouting of these thoughts, such as—

Sublime thoughts bloom through having sadhsangat (the company of the holy).

Low or base thoughts generate through having bad or negative company.

The effect of previous births also influences our thoughts.

The effect of previous births is not within our control, but as we continue to have satsangat (true company), with the abundance of good superior thoughts, gradually the influence of previous births can also change.

It is necessary to ingrain in ourselves that the thoughts and desires of our mind are indeed the basic cause or seed which is capable of making our lives—

| | | |
|---|---|---|
| Comfortable | or | painful |
| Successful | or | fruitless |
| Good | or | bad |
| Spiritual | or | materialistic |
| Peaceful | or | agitated |
| Affectionate | or | hollow |
| heavenly | or | hell-like |
| pure | or | impure |
| theist | or | atheist |
| guru-oriented | or | mind-oriented |

For this reason, we are strongly urged in Gurbani to avoid bad company—

ਤਾਕੀਦੀ ਹੁਕਮ ਹੈ —

ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ
ਮਨ ਤਿਨ ਕੈ ਨਿਕਟਿ ਨ ਭਿਟੀਐ ॥ (ਪੰਨਾ-੧੭੦)

ਦੂਜੈ ਭਾਇ ਦੁਸਟਾ ਕਾ ਵਾਸਾ ॥
ਭਉਦੇ ਫਿਰਹਿ ਬਹੁ ਮੋਹ ਪਿਆਸਾ ॥
ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ ॥ (ਪੰਨਾ-੧੦੬੮)

ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥ (ਪੰਨਾ-੧੧੦੨)

ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥
ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥ (ਪੰਨਾ-੧੩੬੯)

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥ (ਪੰਨਾ-੧੩੭੧)

ਦੂਜੇ ਪਾਸੇ ਉਤਮ **ਦੈਵੀ ਸੰਗਤ ਕਰਨ** ਦੀ ਤਾਕੀਦੀ ਪ੍ਰੇਰਨਾ ਕੀਤੀ ਗਈ ਹੈ—

ਸਾਧੂ ਸੰਗੁ ਕਰਹੁ ਸਭੁ ਕੋਇ ॥
ਸਦਾ ਕਲਿਆਣ ਫਿਰਿ ਦੂਖੁ ਨ ਹੋਇ ॥ (ਪੰਨਾ-੧੯੬)

ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧ ਸੰਗਤਿ ਜਪਿ ਇਕ ਖਿਨਾ ॥ (ਪੰਨਾ-੨੧੦)

ਮਹਾ ਪਵਿਤ੍ਰ ਸਾਧ ਕਾ ਸੰਗੁ ॥
ਜਿਸੁ ਭੇਟਤ ਲਾਗੈ ਪ੍ਰਭ ਰੰਗੁ ॥ (ਪੰਨਾ-੩੯੩)

ਨਾਨਕ ਪਤਿਤ ਪਵਿਤ ਮਿਲਿ ਸੰਗਤਿ ਗੁਰ ਸਤਿਗੁਰ ਪਾਛੈ ਛੁਕਟੀ ॥ (ਪੰਨਾ-੫੨੮)

ਸਾਧ ਸੰਗਿ ਮਿਲਿ ਨਾਮੁ ਧਿਆਵਹੁ ਪੂਰਨ ਹੋਵੈ ਘਾਲਾ ॥ (ਪੰਨਾ-੬੧੭)

ਸਾਧ ਸੰਗਤ ਕਰਦਿਆਂ ਹੋਇਆਂ ਨਾ ਸਿਰਫ਼ ਪਿਛਲੇ ਸੰਸਕਾਰ ਹੀ ਬਦਲ ਸਕਦੇ ਹਨ, ਬਲਕਿ **ਨੀਵੇਂ ਖਿਆਲਾਂ ਦੀ ਰੁਚੀ ਭੀ** ਸਹਿਜੇ-ਸਹਿਜੇ ਮਿਟ ਜਾਂਦੀ ਹੈ। ਸਤਸੰਗਤ ਵਿਚ ਉਤਮ ਦੈਵੀ ਗੁਣਾਂ ਨੂੰ ਗ੍ਰਹਿਣ ਕਰਦੇ ਹੋਏ, ਸੋਹਣੇ ਭਾਵਾਂ ਵਾਲੇ ਆਕਾਸ਼ਾਂ ਦੀਆਂ ਉਡਾਰੀਆਂ ਲਾਉਂਦੇ ਹੋਏ, **'ਪ੍ਰੀਤ ਪ੍ਰੇਮ ਰਸ ਚਾਉ'** ਦੇ ਉੱਚੇ-ਸੁੱਚੇ ਆਤਮਿਕ ਮੰਡਲਾਂ ਵਿਚ ਦਾਖਲ ਹੋਈਦਾ ਹੈ, ਜਿਥੇ ਨੀਵੀਆਂ ਬਿਰਤੀਆਂ ਜਾਂ ਮਲੀਨ ਖਿਆਲਾਂ ਲਈ ਕੋਈ ਥਾਂ ਨਹੀਂ ਹੈ। ਪਰ ਇਹ **ਖੇਲ ਕਠਿਨ ਹੈ** ਤੇ ਇਸ ਨੂੰ ਕਿਸੇ ਵਿਰਲੇ ਨੇ ਹੀ ਜਾਣਿਆ, ਕਮਾਇਆ ਅਤੇ ਮਾਣਿਆ ਹੈ।

ਦੁਨੀਆਂ ਵਿਚ ਜੋ ਕੁਝ ਉਪਜਿਆ ਹੈ, ਸਭ ਪਹਿਲਾਂ **ਸੂਖਮ ਦੇਸ** ਵਿਚੋਂ ਉਪਜਦਾ ਹੈ ਤੇ **ਫਿਰ ਸਥੂਲ ਰੂਪ ਧਾਰਦਾ ਹੈ।** ਸੂਖਮ ਅਕਾਲ ਪੁਰਖ ਵਿਚੋਂ ਸੂਖਮ **'ਕਵਾਉ' ਜਾਂ 'ਹੁਕਮ'** ਉਪਜਿਆਂ, ਤਾਂ ਸਾਰੀ ਸਥੂਲ ਸ੍ਰਿਸਟੀ ਪ੍ਰਗਟ ਹੋਈ।



1 *Such faithless cynics, who have forgotten the Naam, are thieves. O my mind, do not even go near them.* *(170)*

2 *The evil people live in the love of materialism.*
*They wander around, totally attached and thirsty.*
*They sit in evil gatherings, and suffer in pain forever; they earn pain, nothing but pain.* *(1068)*

3 *O Nanak, break away from the false, and seek out your true divine friends.* *(1102)*

4 *Kabeer, I have been ruined and destroyed by bad company, like the banana plant near the thorn bush.*
*The thorn bush waves in the wind, and pierces the banana plant; see this, and do not associate with the faithless cynics.* *(1369)*

5 *Kabeer, do not associate with the faithless cynics; run far away from them.*
*If you touch a vessel stained with soot, some of the soot will stick to you.* *(1371)*

On the other hand repeated encouragement is given to participate in sublime Divine company—

6 *Everyone, join the holy Saadh Sanggat.*
*There you shall find eternal peace; pain will not afflict you any longer.* *(196)*

7 *Be victorious, and win the priceless jewel of this human life, by meditating on Him in the holy Saadh Sanggat, even for an instant.* *(210)*

8 *The holy Saadh Sanggat, is so very pure and sacred.*
*Joining the Saadh Sanggat, love for God is obtained.* *(393)*

9 *O Nanak, the sinners become pure, joining the holy Saadh Sanggat; following the Guru, the True Guru, they are emancipated.* *(528)*

10 *Joining the holy Saadh Sanggat, meditate on the Naam, the Name of the Lord; your efforts shall be rewarded.* *(617)*

Not only the influence of previous births can change while having the company of sadhsangat (holy company), but the inclination towards low base thoughts can be gradually erased too. Acquiring superior divine virtues in the company of satsangat (true company ),having flights of the heavens with beautiful thoughts and feelings, we enter the lofty-pure spiritual realms of 'love affection relish yearning' where there is no place for low inclinations or impure thoughts. But this play is arduous and only some rare soul has known, cultivated and enjoyed it.

Whatever has been created in this world, all was generated from the abstract (formless ) region and only later it takes the solid form. It is with the abstract 'word' or 'command' from the abstract Timeless Being that the whole solid creation manifested itself.

ਇਸੇ ਤਰ੍ਹਾਂ ਜਦ ਸਾਡੇ ਖਿਆਲ ਵਿਚ ਕੋਈ ਸੰਕਲਪ ਉਠਦਾ ਹੈ, ਤਾਂ ਉਹ ਸਾਡੇ ਕਰਮਾਂ ਦੁਆਰਾ ਰੂਪਮਾਨ ਹੋ ਕੇ ਸਾਡੇ ਸਾਹਮਣੇ ਦ੍ਰਿਸ਼ਟਮਾਨ ਹੋ ਜਾਂਦਾ ਹੈ, ਉਦਾਹਰਨ ਵਜੋਂ, ਘਰ ਬਣਾਉਣ ਤੋਂ ਪਹਿਲਾਂ ਉਸ ਦਾ ਨਕਸ਼ਾ ਸਾਡੇ ਖਿਆਲ ਅਥਵਾ ਦਿਮਾਗ ਵਿਚ ਆਉਂਦਾ ਹੈ, ਫਿਰ ਉਹ ਸਹਿਜੇ-ਸਹਿਜੇ ਰੂਪਮਾਨ ਹੋ ਜਾਦਾ ਹੈ।

ਇਸ ਲਈ ਸਾਡੇ ਖਿਆਲ, ਸੰਕਲਪ-ਵਿਕਲਪ ਬੜੇ **ਸ਼ਕਤੀਮਾਨ** ਹਨ। ਇਨ੍ਹਾਂ ਖਿਆਲਾਂ ਦੇ ਪਿਛੇ ਸਾਡੇ **ਵਲਵਲਿਆਂ ਦੀ ਤੀਖਣਤਾ** (intensity) ਅਨੁਸਾਰ ਇਸ ਦੀ ਸ਼ਕਤੀ ਵੱਧਦੀ-ਘਟਦੀ ਰਹਿੰਦੀ ਹੈ।

ਸਾਡਾ ਮਨ ਬਾਹਰੋਂ ਉਦਾਲੇ ਪੁਦਾਲੇ ਦੇ ਵਾਤਾਵਰਣ ਦੀ (environment) ਸੰਗਤ ਅਤੇ ਅੰਦਰੋਂ ਸਾਡੀਆਂ ਨੀਵੀਆਂ ਵਾਸ਼ਨਾਵਾਂ—

ਸ਼ਕ

ਸਾੜਾ

ਈਰਖਾ

ਦਵੈਤ

ਨਫਰਤ

ਨਿੰਦਾ

ਝੂਠ

ਬੇਈਮਾਨੀ

ਖ਼ੁਦਗਰਜ਼ੀ

ਧੜੇ ਬਾਜ਼ੀ

ਵੈਰ

ਵਿਰੋਧ

ਟਾਕਰਾ

ਲੜਾਈਆਂ

ਬਦਲਾ

ਕਾਮ

ਕ੍ਰੋਧ

ਲੋਭ

ਮੋਹ

ਹੰਕਾਰ

ਦੀ ਕੁਸੰਗਤ ਤੇ ਡੂੰਘੇ ਸੰਸਕਾਰਾਂ ਦਾ ਵੀ ਅਕਸ ਲੈਂਦਾ ਰਹਿੰਦਾ ਹੈ, ਜਿਸ ਨਾਲ ਸਾਡੇ ਖਿਆਲਾਂ ਨੂੰ ਇਨ੍ਹਾਂ ਅਕਸਾਂ ਦੀ **'ਰੰਗਤ'** ਚੜ੍ਹਦੀ ਰਹਿੰਦੀ ਹੈ। ਇਹ ਰੰਗਤ ਚੰਗੀ-ਸੁਖਦਾਈ ਜਾਂ ਮਾੜੀ ਤੇ ਦੁਖਦਾਈ ਹੋ ਸਕਦੀ ਹੈ।



Similarly when some idea comes in our thought, then becoming distinct through our actions, it manifests itself in front of us, for example, before building a house, first its plan comes into our thought or brain, then gradually it begins to take shape.

Therefore, our thoughts, ideas-options are very powerful. Their power increases or decreases according to the intensity of our feelings behind these thoughts.

Our mind acquires the external company of the environment of the surroundings and the negative company of the influence of our internal low sensual desires such as—

Suspicion

Envy

Jealousy

Duality

Hatred

Slander

Lies

Fraud

Selfishness

Factionalism

Enmity

Opposition

Confrontation

Fights

Revenge

Lust

Anger

Greed

Attachment

Egotism

as a result of which it acquires their reflection (influence) with which our thoughts are 'coloured'. This colouring can be good-beneficial or bad and painful.

ਸਾਡੇ ਮਨ ਵਿਚੋਂ ਇਹੋ ਜਿਹੇ ਤੀਖਣ ਵਲਵਲਿਆਂ ਵਾਲੇ ਖਿਆਲ ਉਪਜਦੇ ਹਨ, ਉਹਨਾਂ ਦੀਆਂ **ਸ਼ਕਤੀਮਾਨ ਕਿਰਨਾਂ** (powerful rays) ਦਾ ਡੂੰਘਾ ਅਸਰ ਸਾਡੇ ਸਰੀਰ, ਮਨ, ਬੁੱਧੀ ਤੇ ਪੈਂਦਾ ਹੈ ਤੇ ਸਾਡਾ **ਆਚਰਨ ਬਣਦਾ ਤੇ ਬਦਲਦਾ ਰਹਿੰਦਾ ਹੈ।** ਇਨ੍ਹਾਂ ਖਿਆਲਾਂ ਤੇ ਵਲਵਲਿਆਂ ਦੀਆਂ ਸ਼ਕਤੀਮਾਨ ਕਿਰਨਾ ਦਿਨ-ਰਾਤ, ਸਦਾ ਹੀ ਸਾਡੇ ਵਿਚੋਂ ਨਿਕਲ ਕੇ ਦੂਜੀਆਂ ਰੂਹਾਂ ਅਤੇ ਸਾਡੇ ਆਲੇ-ਦੁਆਲੇ ਦੇ ਵਾਤਾਵਰਨ ਤੇ ਵੀ **ਅਸਰ ਪਾਉਂਦੀਆਂ ਰਹਿੰਦੀਆਂ ਹਨ।** ਇਸੇ ਮਾਨਸਿਕ ਰੰਗਤ ਦੀ ਪ੍ਰੇਰਨਾ ਨਾਲ ਅਸੀਂ ਕਰਮ ਕਰਦੇ ਹਾਂ ਅਤੇ ਇਨ੍ਹਾਂ ਕਰਮਾਂ ਅਨੁਸਾਰ ਹਰ ਪਲ ਅਸੀਂ ਆਪਣਾ ਭਾਗ ਜਾਂ ਕਿਸਮਤ ਬਣਾਉਂਦੇ ਰਹਿੰਦੇ ਹਾਂ।

ਦਿਨੁ ਰਾਤਿ ਕਮਾਇਅੜੋ ਸੋ ਆਇਓ ਮਾਥੈ ॥ (ਪੰਨਾ-੪੬੧)

ਇਸ ਤੋਂ ਇਲਾਵਾ ਸਾਡੇ ਡੂੰਘੇ ਤੀਖਣ ਵਲਵਲਿਆਂ ਦੀਆਂ ਕਿਰਨਾਂ ਦਾ ਅਸਰ ਸਾਡੇ ਆਲੇ-ਦੁਆਲੇ ਦੇ ਵਾਯੂਮੰਡਲ ਦੁਆਰਾ ਹਰ ਇਕ ਸੂਖਮ ਤਤ ਅਤੇ ਸਥੂਲ ਚੀਜਾਂ ਤੇ ਵੀ ਪੈਂਦਾ ਹੈ, ਇਸ ਤਰ੍ਹਾਂ ਇਨ੍ਹਾਂ ਕਿਰਨਾਂ ਦਾ ਅਸਰ ਸਾਡੇ —

ਸਾਥੀਆਂ

ਟੱਬਰਾਂ

ਗਵਾਂਢੀਆਂ

ਭਾਈਚਾਰੇ, ਅਤੇ

ਦੇਸਾਂ

ਤੇ ਪੈ ਰਿਹਾ ਹੈ। ਇਥੇ ਹੀ ਬੱਸ ਨਹੀਂ ਕੁਦਰਤ ਦਿਆਂ ਤੱਤਾਂ ਅਤੇ ਸਾਰੇ ਬ੍ਰਹਿਮੰਡ ਉਤੇ ਭੀ ਸਾਡੇ ਤੀਖਣ ਚੰਗੇ ਯਾ ਮੰਦੇ ਵਲਵਲਿਆਂ ਦੀਆਂ ਲਹਿਰਾਂ ਦਾ ਅਸਰ ਪੈਂਦਾ ਹੈ।

ਸ੍ਰਿਸ਼ਟੀ ਦੇ ਪੁਲਾੜ ਵਿਚ ਅਤਿਅੰਤ **ਸੂਖਮ-ਤੱਤ** (Ether) ਮੌਜੂਦ ਹੈ। ਸਾਡੇ ਖਿਆਲਾਂ ਦੀਆਂ ਅਤਿ ਸੂਖਮ ਅਤੇ ਤੀਖਣ ਕਿਰਨਾਂ (vibrations) ਸਾਰੇ ਪੁਲਾੜ (Ether) ਵਿਚ ਫੈਲ ਜਾਂਦੀਆਂ ਹਨ ਅਤੇ ਉਥੋਂ ਦੇ 'ਵਾਤਾਵਰਨ' ਅਥਵਾ **ਸਮੁੱਚੇ ਜਗਤ ਮਨ ਦੇ ਕੰਪਿਊਟਰ** (Computer) **ਵਿਚ ਸਾਂਭ ਕੇ** (record) **ਰੱਖੇ ਜਾਂਦੇ ਹਨ।** ਇਹ ਖਿਆਲ ਭਿੰਨ-ਭਿੰਨ ਦਰਜੇ ਦੇ ਹੁੰਦੇ ਹਨ ਅਤੇ ਉਹਨਾਂ **ਖਾਸ ਦਰਜੇ** ਉਤੇ ਹੀ ਦਰਜ ਹੋ ਕੇ ਜਮ੍ਹਾਂ ਹੋ ਰਹੇ ਹਨ। ਇਸ ਤਰ੍ਹਾਂ ਇਹ ਭਾਂਤ-ਭਾਂਤ ਦੇ ਅਤਿਅੰਤ ਸੂਖਮ ਖਿਆਲਾਂ ਦਾ **ਸਮੁੱਚਾ ਅਸਰ** (cumulative effect) 'ਰੰਗਤ' ਜਾਂ 'ਹਵਾੜ', ਸਹਿਜੇ-ਸਹਿਜੇ ਅਛੋਪ ਹੀ ਪੁਲਾੜ ਦੇ ਵਾਤਾਵਰਨ ਉਤੇ ਪੈ ਰਿਹਾ ਹੈ ਅਤੇ ਉਸਨੂੰ **'ਗੰਧਲਾ' ਕਰ ਰਿਹਾ ਹੈ।**

ਦੂਜੇ ਲਫ਼ਜ਼ਾਂ ਵਿਚ **ਸਮੂਹ ਖਲਕਤ** ਦੇ ਖਿਆਲਾਂ ਦਾ ਚੰਗਾ-ਮਾੜਾ 'ਅਸਰ' ਪੁਲਾੜ ਦੇ ਸੂਖਮ ਕੰਪਿਊਟਰ ਵਿਚ ਅੱਡ-ਅੱਡ ਦਰਜੇ ਉਤੇ ਖਿਨ-ਖਿਨ, ਪਲ-ਪਲ ਜਮ੍ਹਾਂ ਹੁੰਦਾ ਰਹਿੰਦਾ ਹੈ ਅਤੇ **ਸ਼ਕਤੀਮਾਨ ਹੋ ਕੇ ਸਮੁੱਚੇ 'ਸੰਸਾਰੀ ਵਾਤਾਵਰਨ' ਰਾਹੀਂ, ਉਹਨਾਂ ਹੀ ਦਰਜਿਆਂ**



Thoughts of such intense feelings arise from our mind that the deep effect of their powerful rays falls on our body, mind, intellect thus forming and changing our character. The powerful rays of these thoughts and feelings continually emerging from within us day and night, influence other souls and the surrounding environment. It is with the backing of this mental colouring that we indulge in actions according to which we shape our fate and destiny at every moment.

1 *Those actions you perform, day and night, are recorded upon your forehead.* *(469)*

Besides this, the influence of the rays of our deep intense feelings is falling on every abstract element and solid thing through the atmosphere of our surroundings. In this way the influence of these rays is falling on our—

Companions

Families

Neighbours

Society and

Countries.

This is not all. The influence of the waves of our intense good or bad feelings also falls on the elements of nature and on the whole universe.

In the space (ether) of the creation, there is present a very abstract or subtle element. The very abstract and intense vibrations of our thoughts spread in the whole ether and these are safely kept in the environment of that place or the computer of the whole world's mind. These thoughts are of various levels and are recorded and kept safely according to their special levels. Thus the cumulative effect, 'colouring' or 'odour' of these various abstract thoughts is gradually, stealthily falling on the environment of the ether and is making it 'filthy'.

In other words the good-bad 'impact' of the thoughts of mankind continues to be recorded and saved at separate levels at every moment in the abstract or subtle computer of the ether and becoming powerful through the whole 'worldly environment' influences the minds of

ਵਾਲੇ ਮਨਾਂ ਉਤੇ ਚੰਗਾ ਜਾਂ ਮਾੜਾ ਅਸਰ ਪਾਉਂਦਾ ਹੈ।

ਇਸ ਦਾ ਮਤਲਬ ਇਹ ਹੋਇਆ ਕਿ ਸਾਡੇ ਨਿੱਕੇ ਤੋਂ ਨਿੱਕੇ ਖਿਆਲਾਂ ਦਾ ਚੰਗਾ ਜਾਂ ਮਾੜਾ ਅਸਰ ਪਹਿਲਾਂ ਸਾਡੇ ਮਨਾਂ ਉਤੇ ਪੈਂਦਾ ਹੈ।

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥ (ਪੰਨਾ-੪੩੩)

ਫੇਰ ਪੁਲਾੜ ਦੇ ਸੂਖਮ ਵਾਤਾਵਰਨ ਨੂੰ ਬਦਲਦਾ ਅਤੇ ਗੰਧਲਾ ਕਰਦਾ ਹੈ।

ਪੁਲਾੜ ਦੇ ਵਾਤਾਵਰਨ ਵਿਚ ਉਹੋ ਜਿਹੇ ਖਾਸ ਖਿਆਲਾਂ ਨਾਲ ਮਿਲ ਕੇ ਤਾਕਤਵਰ ਹੁੰਦਾ ਹੈ।

ਉਹੋ ਹੀ ਚੰਗੇ-ਮਾੜੇ ਸ਼ਕਤੀਮਾਨ ਖਿਆਲ ਮੁੜ ਕੇ ਸਾਡੇ ਮਨਾਂ ਉਤੇ ਜ਼ੋਰਦਾਰ ਅਸਰ ਪਾਉਂਦੇ ਹਨ।

ਇਸ ਤਰ੍ਹਾਂ ਅਸੀਂ ਆਪਣੇ ਹੀ ਖਿਆਲਾਂ ਦੇ ਜ਼ਹਿਰੀਲੇ ਘੁੰਮਣ-ਘੇਰੇ (vicious circle) ਵਿਚ ਫਸੇ ਹੋਏ ਹਾਂ, ਜਿਸ ਵਿਚੋਂ ਆਪਣੇ ਆਪ ਨਿਕਲਣਾ ਕਠਿਨ ਹੈ।

ਇਸ ਤਰ੍ਹਾਂ ਸਾਰੇ ਮਨ ਦੇ ਖਿਆਲਾਂ ਅਤੇ ਕਰਮਾਂ ਦਾ ਅਸਰ ਸਾਰੀ ਖਲਕਤ ਉਤੇ ਪੈਂਦਾ ਹੈ ਅਤੇ ਖਲਕਤ ਦੇ ਖਿਆਲਾਂ ਦਾ ਅਸਰ, ਸ੍ਰਿਸ਼ਟੀ ਦੇ ਵਾਤਾਵਰਨ ਰਾਹੀਂ ਪਰਤ ਕੇ ਸਾਡੇ ਸਾਰਿਆਂ ਤੇ ਸਮੂਹਕ ਤੌਰ ਤੇ ਪੈਂਦਾ ਹੈ (Boomerang)।

ਇਸ ਲਈ ਅਸੀਂ ਆਪਣੇ ਚੌਗਿਰਦੇ ਦੇ ਵਾਤਾਵਰਨ ਨੂੰ ਚੰਗਾ ਜਾਂ ਮਾੜਾ ਬਣਾਉਣ ਦੇ ਖੁਦ ਜ਼ਿੰਮੇਵਾਰ ਹਾਂ ਅਤੇ ਉਸ ਦੀ ਚੰਗੀ-ਮਾੜੀ 'ਹਵਾੜ' (ecology) ਦੇ ਭਾਗੀ ਹੁੰਦੇ ਹਾਂ।

ਸਤਯੁਗ ਵਿਚ ਉਚੇ-ਸੁੱਚੇ ਦੈਵੀ ਗੁਣਾਂ ਵਾਲੇ ਸੋਹਣੇ ਖਿਆਲਾਂ ਤੇ ਵਲਵਲਿਆਂ ਦੀ ਬਹੁਲਤਾ ਸੀ ਤੇ ਬ੍ਰਹਿਮੰਡ ਵਿਚ—

ਦਇਆ
ਧਰਮ
ਸਤ
ਸੰਤੋਖ
ਧੀਰਜ
ਖਿਮਾ
ਨਿਮਰਤਾ
ਅਨੰਦ
ਸੁਖ
ਸ਼ਾਂਤੀ



those with similar levels in a good or bad way.

This means that the good or bad influence of our thoughts however small falls first on our minds.

1 *Whatever I did, for that I have suffered; I do not blame anyone else.* (433)

Then it changes the abstract environment of the ether and makes it filthy.

Combining with similar specific thoughts in the environment of the ether, it becomes potent.

These good-bad powerful thoughts in return have a put forceful influence on our minds.

Thus we are entangled in the poisonous vicious circle of our own thoughts from which it is extremely difficult to escape on our own.

In this way the impact of the thoughts of our mind and actions falls on total mankind and the effect of the thoughts of mankind boomerangs back at all of us through the environment of the creation.

Therefore, we are ourselves responsible for making the environment of our surroundings good or bad and are part of its good-bad ecology.

In the age of truth or golden age, there was an abundance of beautiful thoughts and feelings with lofty – pure Divine virtues and in the universe---

Mercy
Religion
Truth
Satisfaction
Patience
Tolerance
Humility
Bliss
Comforts
Peace

ਮੈਤ੍ਰੀ-ਭਾਵ
ਸੇਵਾ-ਭਾਵ
ਆਪਾ ਵਾਰਨਾ
ਪ੍ਰੇਮ
ਚਾਉ

ਆਦਿ, ਦੈਵੀ ਗੁਣਾਂ ਦਾ ਵਰਤਾਵਾ ਸੀ।

ਉਸ ਦੇ ਉਲਟ ਵਰਤਮਾਨ ਸਮੇਂ ਵਿਚ ਘੋਰ ਕਲਯੁਗ ਦਾ ਬੋਲ-ਬਾਲਾ ਹੈ। **ਸਮੁੱਚੀ ਸ੍ਰਿਸ਼ਟੀ** ਦਾ ਵਾਤਾਵਰਨ ਭੀ ਅਤਿਅੰਤ ਮਲੀਨ ਅਤੇ ਖ਼ਤਰਨਾਕ ਹੋ ਗਿਆ ਹੈ। ਇਹ ਘੋਰ ਕਲਜੁਗ ਦਾ ਵਾਤਾਵਰਨ ਸਾਡੇ ਹੀ ਮਲੀਨ ਖਿਆਲਾਂ ਦੇ ਤੀਖਣਤਾ ਅਤੇ ਤੀਬਰਤਾ ਦੁਆਰਾ ਲਗਾਤਾਰ ਅਭਿਆਸ ਦਾ ਹੀ ਸਮੁੱਚਾ ਨਤੀਜਾ ਹੈ।

ਦੂਜੇ ਲਫ਼ਜ਼ਾਂ ਵਿਚ ਅਜ ਦੇ ਸਮੇਂ ਵਿਚ **ਨੀਵੇਂ ਖਿਆਲਾਂ ਦੀ ਬਹੁਲਤਾ ਤੇ ਰਾਜ ਹੈ,** ਜਿਸ ਦਾ ਨਕਸ਼ਾ ਗੁਰਬਾਣੀ ਵਿਚ ਇਉਂ ਬਿਆਨ ਕੀਤਾ ਹੈ—

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ (ਪੰਨਾ-੧੪੫)
ਕਲਿ ਕਾਲਖ ਅੰਧਿਆਰੀਆ ॥ (ਪੰਨਾ-੨੧੦)
ਕਲਿਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥ (ਪੰਨਾ-੪੭੦)

ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ। (ਵਾ.ਭਾ.ਗੁ. ੧/੨੪)

ਇਹਨਾਂ ਉਪਰਲੀਆਂ ਵਿਚਾਰਾਂ ਤੋਂ ਤਿੰਨ ਗੱਲਾਂ ਸਪਸ਼ਟ ਹੋ ਕੇ ਉਭਰਦੀਆਂ ਹਨ—

ਜਿਸ ਤਰ੍ਹਾਂ ਧਰਤੀ ਦੇ ਅੰਦਰ ਕਈ ਕਿਸਮ ਦੇ ਤੱਤਾਂ ਦੇ **ਮੇਲ ਤੇ ਰਗੜ ਤੋਂ** ਭਾਂਬੜ ਮੱਚ ਰਹੇ ਹਨ, ਇਸੇ ਤਰ੍ਹਾਂ ਸਾਡੇ ਮਨਾਂ ਦੇ ਅੰਦਰ —

ਈਰਖਾ
ਦਵੈਤ
ਸਾੜਾ
ਕੁਰਝਨਾਂ
ਕਾਮ
ਕ੍ਰੋਧ
ਲੋਭ
ਮੋਹ
ਹੰਕਾਰ



`Friendship
Service
Self-sacrifice
Love
Fondness

etc, and other Divine virtues were flourishing.

Opposed to this, in present times, there is the prevalence of a terrible dark age. The environment of the whole creation has become very filthy and dangerous. This terrible environment of the age of darkness is the overall consequence of our continuous sharp and intense practice of filthy thoughts.

In other words, in the present age, there is the regime of the abundance of low base thoughts which is illustrated in Gurbani as follows—

1 *The Dark Age of Kali Yuga is the knife, and the kings are butchers; righteousness has sprouted wings and flown away.*
*In this dark night of falsehood, the moon of Truth is not visible anywhere.* *(145)*

2 *In this Dark Age of Kali Yuga, there is only pitch darkness.* *(210)*

3 *In the Iron Age of Kali Yuga, fire is the chariot and falsehood the charioteer. (470)*

4 *In his meditation, Baba found the whole earth burning (in the fire of lust and anger)*
*Without Guru there is utter darkness and he heard the cries of the common men*
*(VBG 1/24)*

From the above discussion three points emerge clearly---

Just as in the earth the combination and friction of many types of elements result in burning flames, similarly in our minds—

Jealousy
Duality
Envy
Grudge
Lust
Anger
Greed
Attachment
Egotism

ਆਦਿ, ਕਈ ਕਿਸਮ ਦੀਆਂ **ਵਾਸ਼ਨਾਵਾਂ ਦੀਆਂ ਅੱਗਾਂ ਦੇ ਭਾਂਬੜ ਮਚ ਰਹੇ ਹਨ,** ਜਿਸ ਨੂੰ ਗੁਰਬਾਣੀ ਵਿਚ, **"ਗੂਝੀ ਭਾਹਿ ਜਲੈ ਸੰਸਾਰਾ"** (ਪੰਨਾ-੬੭੩) ਕਿਹਾ ਗਿਆ ਹੈ। ਇਸ **ਗੁੱਝੀ ਅੱਗ** ਨੇ ਸਾਰੇ ਸੰਸਾਰ ਨੂੰ ਲਪੇਟਿਆ ਹੋਇਆ ਹੈ ਤੇ ਸਾਰਾ ਸੰਸਾਰ ਹੀ **'ਆਤਸ਼ ਦੁਨੀਆਂ'** ਅਥਵਾ ਇਕ ਵੱਡਾ ਭਾਂਬੜ ਬਣਿਆ ਹੋਇਆ ਹੈ। ਨੀਵੀਆਂ ਮਾਇਕੀ ਬਿਰਤੀਆਂ ਦੀ ਬਹੁਲਤਾ ਹੋਣ ਕਰਕੇ, ਸਾਡੇ ਜੀਵਨ ਵਿਚ ਉੱਚੇ-ਸੁੱਚੇ ਭਾਵਾਂ ਦੀ ਕਦਰ-ਕੀਮਤ ਘੱਟ ਗਈ ਹੈ ਤੇ ਅਸੀਂ ਇਸ ਗੁੱਝੀ ਮਾਇਕੀ ਅੱਗ ਵਿਚ ਦਿਨ-ਰਾਤ ਪਲਚ-ਪਲਚ ਕੇ ਅਸ਼ਾਂਤ ਤੇ ਦੁਖੀ ਹੋ ਰਹੇ ਹਾਂ।

ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥ (ਪੰਨਾ-੧੫੬)

ਜਗਤੁ ਜਲੰਦਾ ਡਿਠੁ ਮੈ ਹਉਮੈ ਦੂਜੈ ਭਾਇ ॥ (ਪੰਨਾ-੬੫੧)

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ-੧੩੩)

ਪਾਪੀ ਕਾ ਘਰੁ ਅਗਨੇ ਮਾਹਿ ॥
ਜਲਤ ਰਹੈ ਮਿਟਵੈ ਕਬ ਨਾਹਿ ॥ (ਪੰਨਾ-੧੧੬੫)

ਅੰਤਰਿ ਕ੍ਰੋਧੁ ਅਹੰਕਾਰੁ ਹੈ ਅਨਦਿਨੁ ਜਲੈ ਸਦਾ ਦੁਖੁ ਪਾਇ ॥ (ਪੰਨਾ-੧੪੧੫)

**ਅਜ** ਤੋਂ ਤਕਰੀਬਨ 500 ਸਾਲ ਪਹਿਲਾਂ ਗੁਰੂ ਬਾਬੇ ਨੇ ਉਪਰ ਲਿਖੇ ਸ਼ਬਦਾਂ ਦੁਆਰਾ ਜੋ ਕਲਜੁਗ ਦਾ ਨਕਸ਼ਾ ਖਿਚਿਆ ਸੀ, ਅੱਜ ਕਲ ਸਾਡੀ ਦੁਰਦਸ਼ਾ, ਉਸ ਤੋਂ ਭੀ ਭੈੜੀ ਤੇ ਨਿੱਘਰਦੀ ਜਾ ਰਹੀ ਹੈ। ਸਾਡੇ ਨੀਵੇਂ ਤੇ ਅਸੁਰੀ ਖਿਆਲ ਤੇ ਰੁਚੀਆਂ ਐਨੀਆਂ ਗਿਲਾਨੀ ਵਾਲੀਆਂ ਹੋ ਗਈਆਂ ਹਨ, ਕਿ ਉੱਚੇ-ਸੁੱਚੇ ਦੈਵੀ ਗੁਣਾਂ ਦਾ ਖਿਆਲ ਸਾਨੂੰ **ਪੋਂਹਦਾ ਹੀ ਨਹੀਂ।** ਜੇਕਰ ਕੋਈ ਵਿਰਲਾ ਭਲਾ ਪੁਰਸ਼ ਉਚੇ ਦੈਵੀ ਗੁਣਾਂ ਦਾ ਪ੍ਰਗਟਾਵਾ ਕਰਦਾ ਹੈ, ਤਾਂ ਨੀਵੀਆਂ ਰੁਚੀਆਂ ਵਾਲੀ ਬਹੁਸੰਮਤੀ ਵਿਰੋਧ ਕਰਦੀ ਹੈ ਤੇ ਉਸ ਦਾ ਜੀਵਨ **'ਦੁੱਭਰ'** ਕਰ ਦਿੰਦੀ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ, ਕਿ ਅੱਜ-ਕੱਲ੍ਹ ਦੀ ਕਲਜੁਗੀ ਦੁਨੀਆਂ ਵਿਚ ਭਲੇ ਪੁਰਸ਼ਾਂ ਤੇ ਗੁਰਮੁਖਾਂ ਲਈ ਜੀਵਨ ਬਤੀਤ ਕਰਨਾ ਕਠਿਨ ਤੇ ਦੁਖਦਾਈ ਹੋ ਗਿਆ ਹੈ, ਕਿਉਂਕਿ ਹਰ ਪਾਸੇ—

ਈਰਖਾ
ਦਵੈਤ
ਨਫਰਤ
ਸਾੜਾ
ਸ਼ਕ
ਅਸ਼ਾਂਤੀ
ਬੇ-ਵਿਸਾਹੀ
ਖਿਚੋਤਾਣ
ਖ਼ੁਦ-ਗਰਜ਼ੀ
ਧੋਖਾ



etc, and flames of fires of many types of sensual desires are burning which is described in Gurbani as ***'the world is being consumed by this hidden fire'***(p 673). This hidden fire has gripped the whole world which has become a 'Fiery World' or one big flame. Because of the abundance of low materialistic inclinations, the value of lofty-pure desires in our lives has decreased and day and night entangled and enmeshed in this hidden materialistic fire, we are restless and are suffering.

1 *My soul is burning like fire, and the knife is cutting deep.* *(156)*

2 *I have seen that the world is burning, in egotism and the love of duality.* *(651)*

3 *Entangled and enmeshed in the love of false occupations, the whole world is perishing.* *(133)*

4 *The home of the sinner is on fire.*
*It keeps burning, and the fire cannot be extinguished.* *(1165)*

5 *Anger and egotism are within him night and day; he burns, and suffers constant pain.* *(1415)*

Our deplorable plight today is worse than the illustration of the Dark Age given by Guru Baba (Nanak) through the above written words 500 years ago and is still sinking. Our low and demonic thoughts and inclinations have become so degraded that the thought of lofty-pure Divine virtues is not felt (at all). If some rare good person manifests lofty divine virtues, then the majority with low inclinations, oppose him and make his life 'miserable'. It will not be wrong to say that in the present world of Dark Age, life for good people and guru-oriented ones has become difficult and painful, because on every side the bazaar of—

Jealousy
Duality
Hatred
Envy
Suspicion
Agitation
Distrust
Struggle
Selfishness
Deceit

ਬੇਈਮਾਨੀ

ਮਿਲਾਵਟ

ਭ੍ਰਿਸ਼ਟਾਚਾਰ

ਧੱਕੇ-ਸ਼ਾਹੀ

ਖੋਹਾ-ਖਾਹੀ

ਲੁੱਟ-ਖਸੁੱਟ

ਠੱਗੀ-ਠੋਰੀ

ਰਿਸ਼ਵਤ ਖੋਰੀ

ਵੈਰ-ਵਿਰੋਧ

ਲੜਾਈਆਂ

ਝਗੜੇ

ਜ਼ੁਲਮ

**ਦਾ ਬਾਜ਼ਾਰ ਗਰਮ ਹੈ, ਜਿਸ ਦੀਆਂ** ਗਵਾਹ ਸਾਡੀਆਂ ਕਚਹਿਰੀਆਂ ਹਨ। ਇਹ **'ਮਾਇਕੀ ਗੁੱਝੀ ਅੱਗ' ਸਾਡੇ** ਅੰਤਿਸ਼ਕਰਨ, ਮਨ, ਬੁੱਧੀ ਤੇ ਹਿਰਦੇ ਵਿਚੋਂ ਨਿਕਲ ਕੇ ਸਾਡੇ ਤਨ-ਮਨ ਨੂੰ ਸਾੜਦੀ **ਹੋਈ ਸਾਡੇ—**

**ਪਰਿਵਾਰਾਂ**

**ਗੁਆਂਢੀਆਂ**

ਮੁਹੱਲਿਆਂ

ਪਿੰਡਾਂ

ਸ਼ਹਿਰਾਂ

**ਦੇਸ਼ਾਂ**

ਤੇ ਸਾਰੇ ਸੰਸਾਰ ਨੂੰ ਆਪਣੇ ਭਾਂਬੜ ਦੀ ਲਪੇਟ ਵਿਚ ਲੈ ਲੈਂਦੀ ਹੈ। ਇਨ੍ਹਾਂ ਦੀਆਂ **ਤੀਬਰ 'ਜ਼ਹਿਰੀ ਕਿਰਨਾਂ'** (intense vicious rays) ਦੁਆਰਾ, ਸਾਰੇ ਬ੍ਰਹਿਮੰਡ ਤੇ ਵੀ ਜ਼ਬਰਦਸਤ ਅਸਰ ਪੈ ਰਿਹਾ ਹੈ, ਜਿਸ ਦਾ ਨਤੀਜਾ ਸਾਡੀਆਂ ਵੱਡੀਆਂ ਵਿਸ਼ਵ ਲੜਾਈਆਂ ਤੇ ਸਾਰਿਆਂ ਮੁਲਕਾਂ ਵਿਚ ਬੇਚੈਨੀ, ਝਗੜੇ, ਦੁਸ਼ਮਣੀਆਂ, ਜ਼ੁਲਮ ਤੇ ਲੜਾਈਆਂ ਹੋ ਰਹੀਆਂ ਹਨ। ਇਥੋਂ ਇਹ ਸਾਫ ਹੈ ਕਿ ਦੁਨੀਆਂ ਭਰ ਵਿਚ ਸਾਰੇ 'ਰੌਲ ਘਚੋਲੇ' ਤੇ ਭੜਥੂ ਦਾ ਮੁੱਢਲਾ ਕਾਰਨ ਸਾਡੇ **ਆਪੋ-ਆਪਣੇ ਨੀਵੇਂ ਤੇ ਜ਼ਹਿਰੀਲੇ ਖਿਆਲ ਹੀ ਹਨ, ਤੇ ਇਨ੍ਹਾਂ ਜ਼ਹਿਰੀਲੇ ਖਿਆਲਾਂ ਦਾ ਹੀ ਸਾਰਾ ਪਸਾਰਾ ਅਤੇ ਵਰਤ-ਵਰਤਾਰਾ ਹੈ।**

ਇਹਨਾਂ ਗਿਲਾਨੀ ਭਰੇ ਖਿਆਲਾਂ ਦਾ ਸੂਖਮ **ਜ਼ਹਿਰੀਲਾ ਅਸਰ** ਦੁਨਿਆਵੀ ਵਾਯੂ ਮੰਡਲ ਵਿਚ, ਇੰਨਾ ਡੂੰਘਾ ਪ੍ਰਵੇਸ਼ ਕਰ ਚੁਕਿਆ ਹੈ, ਕਿ ਸਾਰੀ **ਕੁਦਰਤ ਹੀ ਬਦਲ ਰਹੀ ਹੈ।** ਏਸੇ



Cheating

Adulteration

Moral degradation

Aggressive blustering behavior

Extortion

Robbery

Fraud

Corruption

Enmity-opposition

Flights

Quarrels

Tyranny

is hot. Our courts are witness to all these. This 'materialistic hidden fire' coming out from our sub-consciousness, mind, intellect, and heart, burning our body-mind takes our –

Families

Neighbours

Districts

Villages

Towns

Countries

and the whole world into the grip of its flame. Through their 'intense vicious rays' the whole universe is experiencing mighty and oppressive influence resulting in our great world wars, and restlessness, arguments, enmities, tyranny and fights in all countries. From this it is clear that the root cause of the 'muddle' and 'confusion' world- wide is indeed our own low base and poisonous thoughts and it is in fact the expansion and flourishing of these poisonous thoughts.

The abstract poisonous effect of these degraded thoughts has penetrated the worldly atmosphere so deep that the whole nature is changing. For this

ਕਾਰਨ—

ਨਵੀਨ ਸਭਿਅਤਾ
ਆਧੁਨਿਕਤਾ
ਵਿਦਵਤਾ
ਫਿਲਾਸਫ਼ੀ
ਵਿਗਿਆਨ ਦੀ ਤਰੱਕੀ
ਸੁਖ
**ਐਸ਼**
ਮਨੋਰੰਜਨ
ਰਸ-ਕਸ

ਅਤੇ ਹੋਰ ਨਵੇਂ-ਨਵੇਂ ਸਾਧਨਾਂ ਦੇ ਹੁੰਦਿਆਂ ਹੋਇਆਂ ਭੀ, **ਅਸੀਂ ਅਗੇ ਨਾਲੋਂ ਜ਼ਿਆਦਾ ਨਿਰਬਲ, ਬੀਮਾਰ, ਅਸ਼ਾਂਤ ਤੇ ਦੁਖੀ ਹੋ ਰਹੇ ਹਾਂ।**

ਦੂਜੀ ਗੱਲ ਇਹ ਹੈ ਕਿ ਸਾਡੀ ਦੁਰਦਸ਼ਾ ਦਾ ਮੂਲ ਕਾਰਨ ਸਾਡੀ **ਅਗਿਆਨਤਾ ਜਾਂ ਭਰਮ ਦਾ ਹਨੇਰਾ ਹੈ,** ਜਿਸ ਦੀ ਵਜ੍ਹਾ ਨਾਲ ਅਸੀਂ ਗਲਤ, ਨੀਵੇਂ ਤੇ ਜ਼ਹਿਰੀਲੇ ਖਿਆਲਾਂ ਜਾਂ ਸੰਕਲਪ (vicious thoughts) ਸੋਚਦੇ ਹਾਂ, ਤੇ ਗਲਤ ਕਰਮ ਕਰਦੇ ਹੋਏ ਆਪਣਾ ਜੀਵਨ ਤਲੱਖ ਤੇ ਦੁਖਦਾਈ ਬਣਾ ਰਹੇ ਹਾਂ।

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥ (ਪੰਨਾ-੪੩੩)

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ (ਪੰਨਾ-੧੩੪)

ਦੂਜੇ ਲਫ਼ਜ਼ਾਂ ਵਿਚ ਆਪਣੇ ਜ਼ਹਿਰੀਲੇ ਖਿਆਲਾਂ ਦੁਆਰਾ ਅਸੀਂ **ਆਪਣੇ ਆਪ ਹੀ ਆਪਣੇ ਲਈ** ਦੁਖਦਾਈ ਜੀਵਨ ਬਣਾ ਰਹੇ ਹਾਂ। ਇਸ ਤਰ੍ਹਾਂ **ਅਸੀਂ ਆਪਣੇ ਆਪ ਹੀ, ਆਪਣਾ ਤੇ ਸਮੁੱਚੇ ਤੌਰ ਤੇ ਸਾਰੀ ਸ੍ਰਿਸ਼ਟੀ ਦੀ ਤਬਾਹੀ ਦਾ ਕਾਰਨ ਬਣ ਰਹੇ ਹਾਂ।** ਸੱਚੀ ਗੱਲ ਇਹ ਹੈ ਕਿ ਸਾਡੇ—

ਨੀਵੇਂ ਖਿਆਲ
ਨੀਵੀਆਂ ਰੁਚੀਆਂ
ਮਲੀਨ ਕਰਮ
ਵਾਸ਼ਨਾਵਾਂ

ਅਥਵਾ **'ਪਾਪ' ਹੀ ਸਾਡੇ ਪੇਸ਼ ਆ ਕੇ, ਸਾਨੂੰ ਸਜ਼ਾ ਦਿੰਦੇ ਹਨ।**

**"ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ ਹੈ।"**

ਇਹ ਇਲਾਹੀ ਅਟੱਲ ਅਸੂਲ ਹੈ।

ਤੀਜੀ ਗੱਲ ਇਹ ਹੈ ਕਿ ਸਾਡੇ **ਸ਼ਖਸੀ** ਗਲਤ ਜ਼ਹਿਰੀਲੇ ਖਿਆਲਾਂ ਦੀਆਂ ਤੀਬਰ ਕਿਰਨਾਂ



reason, despite the existence of—

Modern civilization
Modernity
Scholarship/learning
Philosophy
Scientific progress
Comfort
Luxurious living
Entertainment
Pleasure

and other new means, we are weaker, more sick, more agitated and suffering more.

The second thing is that the root cause of our deplorable plight is our ignorance or darkness of illusion as a result of which we entertain wrong, low or vicious thoughts and indulging in wrong actions, make our lives bitter and painful.

1 *Whatever I did, for that I have suffered; I do not blame anyone else.* (433)

2 *As she has planted, so does she harvest; such is the field of karma.* (134)

In other words through our own vicious thoughts, we are ourselves making our lives painful. In this way we are becoming the cause of destruction of our own self and of the creation as a whole. The truth is that our—

Low thoughts
Low inclinations
Filthy actions
Sensual desires

or 'sin' appearing before us, are giving us punishment.

**'Sin is all powerful to destroy the sinner.'**

This is a Divine eternal rule.

The third point is that the intense vibrations of our personal wrong vicious thoughts

ਵੱਧਦੀਆਂ-ਵੱਧਦੀਆਂ ਅਤਿਅੰਤ ਤੀਖਣ ਹੋ ਕੇ **ਪੁਲਾੜ ਦੇ ਸੂਖਮ ਕੰਪਿਊਟਰ** ਵਿਚ ਜਮ੍ਹਾਂ ਹੁੰਦੀਆਂ ਰਹਿੰਦੀਆਂ ਹਨ ਤੇ ਨਿਰਮਲ ਕੁਦਰਤ ਤੇ ਕਾਇਨਾਤ ਨੂੰ ਭੀ ਗੰਦਾ ਤੇ ਜ਼ਹਿਰੀਲਾ ਬਣਾ ਰਹੀਆਂ ਹਨ, ਜਿਸ ਕਾਰਨ ਕੁਦਰਤ ਦੇ ਰਗੋ-ਰੇਸ਼ੇ, ਤਾਣੇ-ਪੇਟੇ ਵਿਚ ਗਿਲਾਨੀ ਭਰਪੂਰ(saturate) ਹੋ ਗਈ ਹੈ। ਜਿਵੇਂ ਧਰਤੀ ਦੇ ਅੰਦਰ ਅੱਗ ਦੇ ਭਾਂਬੜ ਮੱਚਦੇ, ਰਿੱਝਦੇ-ਰਿੱਝਦੇ ਜਦ ਨਹੀਂ ਸਮਾਉਂਦੇ ਤੇ ਬਾਹਰ ਫੁਟ ਕੇ ਤਬਾਹੀ ਮਚਾਉਂਦੇ ਹਨ, ਉਸੇ ਤਰ੍ਹਾਂ ਸਾਡੀ ਅੰਦਰਲੀ ਪਾਪਾਂ ਦੀ **'ਗੁੱਝੀ ਅੱਗ'** ਵੱਧ-ਵੱਧ ਕੇ, ਰਿੱਝ-ਰਿੱਝ ਕੇ ਗੱਜਦੀ ਤੇ ਫਟਦੀ ਰਹਿੰਦੀ ਹੈ, ਜੋ ਕਿ ਕਿਤੇ-ਕਿਤੇ ਲੜਾਈਆਂ ਦੀ ਸ਼ਕਲ ਵਿਚ ਪ੍ਰਗਟ ਹੁੰਦੀ ਰਹਿੰਦੀ ਹੈ। ਕਿਸੇ ਵੇਲੇ ਵੀ ਇਹ ਸਾਡਾ ਅੰਦਰਲਾ **'ਅਗਨ ਰੂਪ ਲਾਵਾ'** ਉਛਲ ਕੇ ਅਤੇ ਅੰਦਰਲਾ ਜਵਾਲਾਮੁਖੀ ਫੁਟ ਕੇ **ਸਮੂਹ ਸੰਸਾਰ ਨੂੰ ਆਪਣੀ ਲਪੇਟ ਵਿਚ ਲਿਆ ਕੇ, ਦੁਨੀਆਂ ਦੀ ਤਬਾਹੀ ਅਥਵਾ ਕਿਆਮਤ ਦਾ ਕਾਰਨ ਬਣ ਸਕਦਾ ਹੈ।**

ਭਾਵੇਂ ਇਸ **ਗਿਲਾਨੀ** ਦੀ ਬਾਬਤ ਅਸੀਂ ਸ਼ਿਕਾਇਤਾਂ ਅਤੇ **ਨੁਕਤਾਚੀਨੀ** ਤਾਂ ਕਰੀ ਜਾਂਦੇ ਹਾਂ, ਪਰ ਖੁਦ ਆਪਣੀ **ਪੁਰਾਣੀ ਗਿਲਾਨੀ ਵਾਲੀ 'ਜੀਵਨ-ਪ੍ਰਣਾਲੀ' ਨੂੰ ਛੱਡ ਨਹੀਂ ਸਕਦੇ।**

ਅਸੀਂ ਜੀਵਨ ਦੇ ਹਰ ਪਹਿਲੂ ਵਿਚ ਇਸ ਗਿਲਾਨੀ ਦਾ ਹੀ **ਆਸਰਾ ਜਾਂ ਸੇਧ ਲੈਂਦੇ ਹਾਂ** ਅਤੇ ਆਪਣੀਆਂ ਜਾਇਜ਼-ਨਾਜਾਇਜ਼ ਗਰਜ਼ਾਂ ਦੀ ਪੂਰਤੀ ਲਈ, **ਨੀਵੇਂ ਸਾਧਨਾਂ ਦੀ ਵਰਤੋਂ ਕਰਨ ਤੋਂ ਭੀ ਸੰਕੋਚ ਨਹੀਂ ਕਰਦੇ।**

ਇਸ ਗਿਲਾਨੀ ਦੇ ਜ਼ਹਿਰੀਲੇ ਮਾਨਸਿਕ 'ਰੋਗ' ਵਧ ਕੇ, ਇਤਨੇ ਸ਼ਕਤੀਸ਼ਾਲੀ ਹੋ ਗਏ ਹਨ, ਕਿ ਤਪਦਿਕ ਵਾਂਗ, ਇਹ 'ਰੋਗ' ਸਾਡੇ ਤਨ, ਮਨ, ਬੁੱਧੀ, ਅੰਤਿਸ਼ਕਰਨ ਵਿਚ ਧੱਸ-ਵੱਸ-ਰਸ ਗਏ ਹਨ ਅਤੇ ਨਿਤਾ-ਪ੍ਰਤੀ ਹੋਰ **ਖਤਰਨਾਕ ਅਤੇ 'ਮੋਹਲਕ'** ਹੋ ਰਹੇ ਹਨ।

ਜਦ ਸਾਡੇ **ਖਿਆਲਾਂ ਦਾ ਅਸਰ ਇਤਨਾ ਡੂੰਘਾ ਅਤੇ ਖਤਰਨਾਕ ਹੋ ਸਕਦਾ ਹੈ,** ਤਾਂ ਸਾਨੂੰ ਆਪਣੇ ਖਿਆਲਾਂ ਉਤੇ **ਪਹਿਰਾ ਦੇਣ ਦੀ ਅਤੀ ਲੋੜ ਹੈ,** ਪਰ ਅਸੀਂ ਆਪੋ-ਆਪਣੇ ਖਿਆਲਾਂ ਅਤੇ ਕਰਮਾਂ ਦੇ ਨਤੀਜਿਆਂ ਤੋਂ **ਬੇ-ਪ੍ਰਵਾਹ ਤੇ ਅਵੇਸਲੇ ਹੋ ਕੇ** ਪੁਰਾਣੀਆਂ ਆਦਤਾਂ ਅਨੁਸਾਰ ਹੀ ਜੀਵਨ ਬਤੀਤ ਕਰ ਰਹੇ ਹਾਂ। ਇਸ ਤਰ੍ਹਾਂ ਅਸੀਂ ਆਪਣੇ 'ਮਾਨਸਿਕ ਤਪਦਿਕ' ਦੇ ਰੋਗ ਨੂੰ ਹੋਰ **ਦੀਰਘ ਤੇ ਖਤਰਨਾਕ ਬਣਾ ਰਹੇ ਹਾਂ।**

ਅਸੀਂ ਘਰਾਂ, ਗਲੀਆਂ, ਮੁਹੱਲਿਆਂ, ਸ਼ਹਿਰਾਂ ਅਤੇ ਚਾਰ-ਚੁਫੇਰੇ ਦੇ ਗੰਧਲੇ ਵਾਯੂਮੰਡਲ ਦੀ ਬਾਬਤ ਤਾਂ ਬੜੇ **ਵਾਦ-ਵਿਵਾਦ** ਕਰਦੇ ਹਾਂ ਅਤੇ ਹਾਲ-ਦੁਹਾਈ ਮਚਾਉਂਦੇ ਹਾਂ, ਪਰ **ਆਪਣੀ ਅੰਦਰਲੀ ਮਾਨਸਿਕ ਗਿਲਾਨੀ ਦੇ ਭਿਆਨਕ ਨਤੀਜਿਆਂ ਤੋਂ ਅਨਜਾਣ, ਬੇਖਬਰ, ਬੇ-ਪ੍ਰਵਾਹ ਅਤੇ ਅਵੇਸਲੇ ਹੋ ਰਹੇ ਹਾਂ।**

ਸਮਝਣ ਵਾਲੀ ਮਹੱਤਵਪੂਰਨ ਗੱਲ ਇਹ ਹੈ, ਕਿ **ਸਰੀਰਕ ਰੋਗ ਤਾਂ ਮੌਤ ਦੇ ਨਾਲ ਹੀ ਖਤਮ ਹੋ ਜਾਂਦੇ ਹਨ,** ਪਰ ਅੰਤਿਸ਼ਕਰਨ ਵਿਚ ਆਪੂੰ ਸਹੇੜੇ **ਮਾਨਸਿਕ ਰੋਗ ਤਾਂ ਅਗਲਿਆਂ ਜਨਮਾਂ ਵਿਚ ਭੀ, ਜੀਵ ਦੇ ਨਾਲ ਚਿੰਬੜੇ ਰਹਿੰਦੇ ਹਨ।**



greatly increase and becoming very sharp, continue to accumulate in the abstract computer of the ether and are making the pure natural universe filthy and poisonous as a result of which degradation intertwined and interwoven in the muscles and fibres of nature has saturated it. Just as flames of fire burn in the earth, and when they cannot be contained, then exploding they cause destruction, in the same way the 'hidden fire' of sins in us increases, boils, thunders and explodes which of and on manifests itself in the form of fights. At any time, this internal 'fire-like lava' overflowing and the internal volcano exploding and taking the whole world into its grasp, can become the cause of its destruction or doomsday.

Although we continue to complain and criticize this degradation, yet we ourselves are unable to leave the old 'life-routine' of corruption.

We take support and guidance of this corruption in every aspect of our life and for the fulfilment of our justified and unjustified needs, do not refrain from using low base means.

The vicious mental 'diseases' of corruption having increased and having become powerful like tuberculosis, have penetrated, infiltrated, permeated our body, mind, intellect, sub-consciousness and are daily becoming more dangerous and deadly.

As the influence of our thoughts can be so deep and dangerous, it is very necessary for us to keep guard over them, but becoming careless and indifferent towards the effects of our own thoughts, we are indeed passing our lives according to our old habits. In this way, we are making this disease of 'mental tuberculosis' more chronic and dangerous.

We indulge in polemics and raise hue and cry about the filthy environment in houses, lanes, certain areas, towns and all around, but are becoming ignorant, uninformed, careless and indifferent about the dreadful results of our internal mental corruption.

The important point to understand is that bodily diseases disappear with death but the self-created mental diseases in the sub-consciousness remain clinging even in the future births.

ਸੰਸਾਰ ਵਿਚ ਅਗੇ ਹੀ ਗਿਲਾਨੀ ਭਰਪੂਰ ਹੋ ਕੇ ਉਛਲ ਰਹੀ ਹੈ। ਜੇ ਇਸ ਮਾਨਸਿਕ ਗਿਲਾਨੀ ਦੇ ਜ਼ਹਿਰ ਨੂੰ ਅਸੀਂ ਘਟਾ ਨਹੀਂ ਸਕਦੇ ਤਾਂ ਵਧਾਉਣ ਦਾ ਭੀ ਸਾਨੂੰ ਕੋਈ ਹੱਕ ਨਹੀਂ।

ਸਾਰੇ ਵਿਸ਼ਵ ਵਿਚ ਜੋ ਅਸ਼ਾਂਤੀ, ਖ਼ੁਦਗਰਜ਼ੀ, ਹਉਮੈ, ਈਰਖਾ-ਦਵੈਤ, ਵੈਰ-ਵਿਰੋਧ ਘਿਰਨਾ, ਲੜਾਈਆਂ-ਝਗੜੇ, ਅਤਿਆਚਾਰ, ਜ਼ੁਲਮ ਦਾ ਬੋਲ-ਬਾਲਾ ਹੈ, ਇਨ੍ਹਾਂ ਸਭਨਾਂ ਦਾ ਮੁੱਢਲਾ ਕਾਰਨ ਜਾਂ 'ਬੀਜ' ਸਾਡੇ ਹੀ ਆਪਣੇ ਖਿਆਲ ਅਤੇ ਸੰਸਕਾਰ ਹਨ, ਜਿਨ੍ਹਾਂ ਦਾ ਸਮੁੱਚਾ ਅਸਰ ਜਾਂ 'ਰੰਗਤ' ਦੁਨਿਆਵੀ ਜੀਵਨ ਦੇ ਹਰ ਪੱਖ ਵਿਚ ਲਿਸ਼ਕਾਂ ਮਾਰ ਰਿਹਾ ਹੈ।

ਰੱਬ ਨੇ ਆਪਣੀ ਅੰਸ਼ ਬੰਦੇ ਲਈ ਸਵਰਗ ਰੂਪੀ ਸ੍ਰਿਸ਼ਟੀ ਸਾਜੀ ਸੀ ਅਤੇ ਹਰ ਤਰ੍ਹਾਂ ਦੇ ਸੁਖ-ਆਰਾਮ ਪ੍ਰਦਾਨ ਕੀਤੇ ਸਨ, ਪਰ ਅਸੀਂ ਆਪਣੇ ਨੀਵੇਂ ਖਿਆਲ, ਨੀਵੀਆਂ ਰੁਚੀਆਂ ਦੀ ਗੁੱਝੀ ਅੱਗ ਦੁਆਰਾ ਇਸ ਸਵਰਗ-ਰੂਪੀ ਸ੍ਰਿਸ਼ਟੀ ਨੂੰ ਨਰਕ-ਰੂਪੀ ਸ੍ਰਿਸ਼ਟੀ ਬਣਾ ਦਿਤਾ ਹੈ।

ਇਸ ਤਰ੍ਹਾਂ ਅਸੀਂ ਆਪਣੇ ਪੈਰੀਂ ਆਪ ਕੁਹਾੜਾ ਮਾਰਿਆ ਹੈ ਅਤੇ ਆਪ ਨਰਕ ਭੋਗਦੇ ਹੋਏ ਦੁਖੀ ਹੋ ਰਹੇ ਹਾਂ ਅਤੇ ਹੋਰਨਾਂ ਨੂੰ ਭੀ ਦੁਖੀ ਕਰ ਰਹੇ ਹਾਂ।

ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ ॥
ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ ॥ (ਪੰਨਾ-੧੩੬੫)

ਕਿਸੇ ਮਹਾਂ ਪੁਰਖ ਨੇ ਸਾਡੀ ਏਸ ਅੰਦਰਲੀ ਗੁੱਝੀ ਅੱਗ ਦੀ ਬਾਬਤ ਬੜੇ ਸੋਹਣੇ ਤੇ ਸੰਖੇਪ ਸ਼ਬਦਾਂ ਵਿਚ ਇਉਂ ਬਿਆਨ ਕੀਤਾ ਹੈ—

"ਸੰਸਾਰ ਸੜ ਰਿਹਾ ਹੈ, ਅੱਗ ਦੇ ਸ਼ੁਅਲੇ ਉਠ ਰਹੇ ਹਨ। ਜਿਨ੍ਹਾਂ ਨੂੰ ਸਾਂਈਂ ਨੇ ਪਦਾਰਥ ਵਲੋਂ ਸੁਖ ਬਖਸ਼ਿਆ ਹੈ, ਉਹ ਈਰਖਾ, ਦ੍ਵੈਤ, ਗਿਣਤੀ, ਹਿਸਾਬ, ਸ਼ੰਕੇ ਆਦਿ ਅੰਦਰ ਦੇ ਭਾਂਬੜਾਂ ਨਾਲ ਜਲ ਰਹੇ ਹਨ। ਬੇ-ਯਕੀਨੀ, ਬੇ-ਸਿਦਕੀ ਦੀ ਪਾਮਰਤਾ ਰੂਹ ਨੂੰ ਚਿਪਟੀ ਹੋਈ ਹੈ, ਜੜਾਂ ਜ਼ਮੀਨ ਵਿਚੋਂ ਉਖੜ ਕੇ, ਬਾਹਰ ਆ ਸੁਕ ਗਈਆਂ ਹਨ ਤੇ ਬਾਲਣ ਬਣ ਚੁਕੇ ਹਨ, ਰੇਸ਼ਮ ਤਨ ਤੇ ਖੜਕਦੇ ਹਨ, ਪਰ ਇਹ ਖੜਾਕ ਸੁਕੇ ਪੱਤਰਾਂ ਦਾ ਹੈ, ਤੇ ਜਿਹੜੇ 'ਅੰਨ', 'ਬਸਤਰ' ਦੇ ਦੁਖਾਂ ਵਿਚ ਹਨ, ਉਨ੍ਹਾਂ ਨੂੰ ਭੁੱਖ, ਤ੍ਰੇਹ, ਨੰਗਾਪਨ, ਦਰਿਦ੍ਰਤਾ, ਰੋਗ ਕਸ਼ਟ ਆਦਿ ਸਤਾ ਰਹੇ ਹਨ। ਗਰੀਬੀ ਦੀਆਂ ਮਾਰਾਂ ਨੇ ਲੱਕ ਤੋੜ ਸੁੱਟੇ ਹਨ, ਮਨ ਟੁੱਟੇ ਪਏ ਹਨ। ਸੰਸਾਰ ਤੱਤਾ, ਜਿਸਮ ਤੱਤਾ, ਜੀਵਨ ਤੱਤਾ, ਜੀਵਨ ਖੇਤਰ ਤੱਤਾ, ਬਾਹਰਮੁਖੀ ਬਿਰਤੀਆਂ ਤੱਤੀਆਂ, ਕਾਮ ਤੱਤਾ ਅੱਗ, ਕ੍ਰੋਧ ਤੱਤਾ ਅੱਗ, ਭੁੱਖ ਤੱਤੀ ਅੱਗ, ਅਮੀਰੀ ਨਿਰਾ ਭਾਂਬੜ, ਗਰੀਬੀ ਤੱਤੀ, ਮਨ ਤੱਤਾ, ਚਿੱਤ ਤੱਤਾ, ਮਨਮੁਖ ਟੁਟਿਆ ਸੁਕਿਆਂ ਦਾ 'ਪਿਆਰ' ਤੱਤਾ, ਹਾਇ! ਹਰ ਪਾਸੇ ਅੱਗ ਹੀ ਅੱਗ, ਅੰਦਰ ਵੀ ਅੱਗ, ਬਾਹਰ ਵੀ ਅੱਗ, ਦੀਨ ਵੀ ਅੱਗ, ਦੁਨਿਆਂ ਵੀ ਅੱਗ, ਇਸ ਅੱਗ ਵਿਚ ਬੈਠਾ ਰੱਬ ਦਾ ਪਿਆਰਾ ਪ੍ਰਹਿਲਾਦ! ਮਨ ਠੰਢਾ, ਚਿਤ ਠੰਢਾ, ਜੀਭ ਠੰਢੀ, ਦਿਲ ਠੰਢਾ, ਤ੍ਰਿਸ਼ਨਾ ਰਹਿਤ ਦਿਲ ਹਰਾ-ਭਰਾ, ਜੜ੍ਹਾਂ ਰੱਬ ਵਿਚ ਗੱਡੀਆਂ, ਸਹਿਜ ਸੁਭਾ ਗੱਡੀਆਂ, ਬੇਮਲੂਮ ਗੱਡੀਆਂ, ਸੁਰਤ ਇਕ ਥਾਂ ਕੱਠੀ ਹੋਈ, ਲੂੰਆਂ ਵਿਚੋਂ ਅੰਮ੍ਰਿਤ ਵਗ ਰਿਹਾ ਹੈ, ਅੱਗ ਪ੍ਰਣਾਮ



As it is, the abundance of corruption in the world is overflowing. If we cannot reduce the poison of this mental corruption, we have no right to increase it either.

The root cause or 'seed' of the prevalence and flourishing of turmoil, selfishness, egotism, jealousy-duality, enmity-opposition, hatred, fights-arguments, atrocities, tyranny in the whole world is our thoughts and actions, the overall effect or 'colouring' of which is shining in every aspect of worldly life.

God created a heaven-like creation for man, His offspring, and gifted him with every type of comfort but we made this heaven-like creation into hell-like creation through the hidden fire of low base thoughts and low inclinations.

Thus we have axed our own feet and experiencing hell are suffering and are making others suffer as well.

*Kabeer, the mortal loses his faith, for the sake of the world, but the world shall not go along with him in the end.*
*The idiot strikes his own foot with the axe by his own hand. (1365)*

Some great soul has described this internal hidden fire in beautiful and brief words as follows—

"The world is burning, flames of fire are rising. Those who were blessed with comfort by the Creator are burning with the internal flames of jealousy, duality, numbers, calculation, suspicions etc. The meanness of untrustworthiness, unfaithfulness is sticking to the soul, the roots having uprooted from the earth, are out, have dried and become fuel, silk (clothes)on the body are rattling, but this noise is of dry leaves, and those who are deprived of 'food', 'clothes' are being tortured by hunger, thirst, nudity, wretchedness, desire, agony etc. The beatings of poverty have broken waists, minds have broken. The world is hot, the body is hot, life is hot, sphere of life is hot, external inclinations are hot, passion (lust) is fire hot, anger is fire hot, hunger is hot fire, richness (wealth) is an entire flame, poverty is hot, mind is hot, mental faculties are hot, the love of broken dry mind-oriented people is hot, Ah! On every side there is nothing but fire, inside there is fire, outside too there is fire, religion is hot, the world is hot too. In this fire sits God's beloved, Prahlad! His mind is cool, mental faculties are cool, tongue is cool, heart is cool, desire-less the heart is lush, his roots are spontaneously and unconsciously implanted in God, his attention is focused on one point, ambrosial nectar is flowing from his body hair, fire is paying

ਕਰ ਰਹੀ ਹੈ। ਰੱਬ ਦਾ ਭਗਤ ਬੈਠਾ ਹੈ, ਬੱਸ, **ਕੇਵਲ ਰੱਬ ਦਾ ਪਿਆਰਾ ਠੰਢਾ ਹੈ।** ਰੱਬ ਦਾ ਨਾਮ 'ਖੁਨਕ' ਹੈ, **'ਖੁਨਕ ਨਾਮੁ ਖੁਦਾਇਆ', ਉਸ ਨਾਲ ਲਗ ਕੇ ਆਦਮੀ ਦਾ ਬੱਚਾ ਠੰਢ ਪਾਂਦਾ ਹੈ,** ਸੱਚਾ ਸੁਖ ਪਾਂਦਾ ਹੈ, ਰੂਹ ਠੰਢੀ ਹੈ। ਚਿੱਤ ਭਟਕਣ ਦੀ ਥਾਂ ਛੁਟ ਠੰਢਾ ਹੁੰਦਾ ਹੈ, ਰੱਬ ਦੀ ਮੇਹਰ ਬਚਾਉਂਦੀ ਹੈ।

**ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥** (ਪੰਨਾ-੮੧੯)

ਮਖਲੂਕ ਇਸ ਠੰਢ ਨੂੰ ਟੋਲ ਰਹੀ ਹੈ, ਕੁਦਰਤ ਟੋਲ ਰਹੀ ਹੈ, ਤਦ ਹੀ ਤਾਂ ਮਨੁਖਾਂ ਦਾ ਜਾਮਾ ਘੜ ਰਹੀ ਹੈ। ਮਾਂ ਜਦ ਬੱਚੇ ਨੂੰ ਮਿਲਦੀ ਹੈ ਯਾ ਗਲਵਕੜੀ ਪਾਂਦੀ ਹੈ, ਤਦ ਛਿਨ ਦੇ ਛਿਨ ਲਈ, ਇਸ ਅੰਮ੍ਰਿਤ ਠੰਢ ਦਾ ਝਾਵਲਾ ਵਜਦਾ ਹੈ। ਜਦ ਆਦਮੀ ਦੀ ਇੱਛਾ, ਤੀਬਰ ਇੱਛਾ— ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਵਸ ਵਿਚ ਕਰਕੇ ਫਲਦੀ ਹੈ, ਤਾਂ ਫਲੀਭੂਤ ਹੋਣ ਤੇ ਉਸ ਛਿਨ ਲਈ, ਇਸੀ ਠੰਢ ਦਾ ਝਲਕਾ ਵੱਜਦਾ ਹੈ। ਭੁੱਖੇ ਨੂੰ ਜਦ ਰੋਟੀ ਦਾ ਟੁਕੜਾ ਮਿਲਦਾ ਹੈ, ਤਾਂ ਨੈਣਾਂ ਵਿਚ ਇਕ ਸੁਖ ਆਉਂਦਾ ਹੈ, ਉਹ ਇਸੀ ਸੁਖ ਦਾ ਪ੍ਰਤੀਬਿੰਬ ਹੈ। ਤ੍ਰਿਖਾਵੰਤ ਨੂੰ ਜਦ ਜਲ ਮਿਲੇ ਤਦ ਇਸਦੀ ਹਾਲਤ ਦਾ ਬਿਜਲਈ ਲਿਸ਼ਕਾਰਾ ਹੁੰਦਾ ਹੈ। ਦੀਨ ਅਰ ਦੁਨੀਆਂ ਇਸ 'ਆਤਮ ਠੰਢ' ਨੂੰ ਟੋਲਦੇ ਹਨ, ਇਸ **'ਨਾਮ-ਖੁਨਕੀ'** ਦੀ ਅਮਰ, ਅਮਿੱਟ, ਅਟੱਲ ਲਾਲਸਾ ਵਿਚ ਹਨ, ਇਹ ਲਾਲਸਾ ਸ੍ਰਿਸ਼ਟੀ ਦੀ ਬਣਾਵਟ ਵਿਚ ਹੈ, ਮਿਟ ਨਹੀਂ ਸਕਦੀ। ਠੰਢ ਕਿਸ ਤਰ੍ਹਾਂ ਪਵੇ ? ਕਾਮ, ਕ੍ਰੋਧ, ਹੰਕਾਰ ਜਦ ਤਕ ਮਨ ਚਿਤ, ਬੁੱਧੀ, 'ਅੰਦਰ ਦੀ ਬਿਰਤੀ', ਵਿਚ ਵਸਦੇ ਹੋਣ, ਏਸ ਆਦਮੀ ਦੇ ਦੁਸ਼ਮਣ ਹਨ। ਰੂਹ ਠੰਢੀ ਹੋ ਜਾਵੇ, ਸੋ ਚਿੱਤ ਦੀਆਂ ਨਿੱਕੀਆਂ-ਨਿੱਕੀਆਂ ਵਾਲੋਂ ਬਰੀਕ ਕਿਰਨਾਂ ਵਾਂਗ ਪਤਲੀਆਂ ਸੂਖਮ ਜੜਾਂ, ਨਿਰੰਕਾਰ-ਕਰਤਾਰ ਅਕਾਲ ਵਿਚ ਕਿਵੇਂ ਨਾ ਕਿਵੇਂ ਗਡੀਜ ਜਾਣ, ਤਾਂ ਇਹ ਮਨੁਖਤਾ ਦੇ ਸੋਹਣੇ ਗਹਿਣੇ ਹਨ, ਬਸਤਰ ਹਨ, ਹਥਿਆਰ ਹਨ, ਚਾਕਰ ਹਨ ਤੇ ਸਾਹਿਬ ਹਨ। ਨਹੀਂ ਤਾਂ ਅੱਗ ਦੀਆਂ ਲਾਟਾਂ ਹਨ। ਆਦਮੀ ਦੇ ਸਾਰੇ ਅੰਦਰਲੇ ਰੰਗ, ਦੁਖ ਦੀ ਅੱਗ, ਇਨ੍ਹਾਂ ਪੰਜਾਂ ਨੇ ਬਾਲੀ ਹੋਈ ਹੈ।

ਬਹੁੰ ਕਰਕੇ ਸਭ ਸੰਸਾਰ ਦੇ ਦੁਖ, ਇਨ੍ਹਾਂ ਦਾ ਮਚਾਯਾ ਭੜਥੂ ਹੈ। ਇਨ੍ਹਾਂ ਦੀ ਚਾਕਰੀ ਵਿਚ ਤਾਂ ਉਹ ਸੁਖ ਹੈ ਨਹੀਂ ਜੋ ਸ਼ਾਹ ਬਹਿਲੋਲ ਜੈਸੇ ਸਿਮਰਨ ਵਾਲੇ ਸਾਧੂ ਦੇ ਹੱਥ ਦੀ 'ਛੋਹ' ਵਿਚ ਹੈ। ਉਹ ਠੰਢ ਪੈਂਦੀ ਨਹੀਂ, ਜਿਸ ਨੂੰ ਛਾਤੀ ਵਿਚ ਰਖ ਕੇ ਪ੍ਰਹਿਲਾਦ ਅੱਗ ਵਿਚ ਬਹਿ ਸਕਦਾ ਸੀ ਤੇ ਤੱਤੇ ਥੰਮ ਨੂੰ ਜੱਫੀ ਪਾ ਸਕਦਾ ਸੀ। ਠੰਢ ਵਿਚ ਸਿਦਕ ਆਉਂਦਾ ਹੈ, ਅੱਗ ਵਿਚ ਕੀ ਸਿਦਕ ? ਕੀ ਈਮਾਨ ? ਸੋ ਸੰਸਾਰ ਜਲੰਦਾ, ਆਪਣੀ ਬਾਲੀ ਹੋਈ ਅੱਗ ਬੁਝਾਣ ਨੂੰ ਦੀਨਾ-ਮਜ਼ਹਬਾਂ ਵੱਲ ਦੌੜਿਆ। ਏਹ ਉਥੇ ਵੀ ਜਾ ਸੜਦੇ ਹਨ, **ਮਜ਼ਹਬ ਨੂੰ ਵੀ ਇਨ੍ਹਾਂ ਨੇ ਅੱਗ ਲਾ ਦਿਤੀ,** ਉਹ ਅੰਦਰ ਜੋ ਅੱਗ ਲੱਗੀ ਸੀ, ਜਿਥੇ ਗਿਆ ਉਥੇ ਹੋਰ ਵਧੀ, ਸਾੜ ਬੁਝੀ ਨਾ; ਠੰਢ ਪਈ ਨਾ, ਉਹ ਠੰਢ ਕਿਥੇ ਹੈ ? ਭਰਮਾਂ, ਵਹਿਮਾਂ, ਮਜ਼ਹਬਾਂ ਦੇ ਫ਼ਸਾਦਾਂ, ਜੰਗਾਂ, ਧੜੇਬਾਜ਼ੀਆਂ, ਅਹੰਕਾਰ ਦੇ ਵਲਵਲਿਆਂ, ਮਨ ਸੰਤੁਸ਼ਟੀਆਂ, ਮਨ ਘੜੇ ਅਸੂਲਾਂ, ਮਨ ਪਰਚਾਵਿਆਂ ਆਦਿ ਦੇ ਜਾਲਾਂ ਵਿਚ ਤਾਂ **ਜ਼ਹਿਰ** ਇੰਨਾ ਚੜ੍ਹਦਾ ਹੈ, ਕਿ ਭੰਗੀਆਂ-ਪੋਸਤੀਆਂ ਵਾਂਗ ਲੋਕੀਂ ਮਜ਼ਹਬ ਦੇ ਅਸੂਲਾਂ ਤੇ ਸ਼ਰੀਅਤਾਂ ਵਿਚ ਪੈ, ਮਰ ਜਾਂਦੇ ਹਨ। ਕੋਈ ਬੇਹੋਸ਼ ਹੋ ਜਾਂਦੇ ਹਨ। ਪਤਾ ਨਹੀਂ ਇਉਂ ਕਿਉਂ



obeisance. God's devotee is sitting, yes , only God's beloved (devotee) is cool. God's name is cool, ***'the Name of the Lord is cooling and soothing.'*** Following God, man's child acquires coolness, experiences true comfort, and his soul is cool. His mind instead of wandering becomes cool. God's mercy saves him.

*The hot wind does not even touch one who is under the Protection of the Supreme Lord God.* *(819)*

The masses are searching this coolness, nature is searching, that is why nature is creating human bodies. When a mother meets her child or embraces him, then in the twinkle of an eye, the splendour of this ambrosial nectar's coolness is experienced. When man's intense desire bears fruit after having controlled—lust, anger, greed, attachment, egotism, then the flash of the same coolness is felt. When a hungry man receives a small piece of bread, then in his eyes there is some comfort, this is a reflection of the same comfort. When a thirsty person gets water then his condition is an electrical flash. Religion and the world are searching for this 'spiritual coolness', they have an immortal, imperishable, eternal longing for 'Naam-coolness'. This longing is in the structure of the creation, it cannot be eradicated. How can coolness come about? As long as lust, anger, egotism remain in the mind, heart, intellect,' internal consciousness' of man, they are his enemies. If the soul becomes cool, the very minute less fine than hair ray-like thin abstract roots of the mind, somehow or other get implanted in the Formless Creator the Timeless Being and then are beautiful ornaments, clothes, weapons, servants and bosses of humanity. Otherwise they are flames of fire. All internal colours (condition) of man and fire of suffering is kept burning by the five (lust, anger, greed, attachment, egotism )

In general (it can be said that) the sufferings of the world are the 'turmoil' created by them (the five (lust, anger, greed, attachment, egotism ). In their service, that peace which is in the 'touch' of the hand of the meditating sadhu like Shah Behlol, is not available. That coolness which Prahlad keeping in his bosom could sit in the fire and embrace the hot pillar, does not come. In coolness comes faith, what faith in fire? What belief? So the burning world, in self-lit fire ran towards religions-creeds to put out this fire. There too they get burnt, they have put religion on fire as well. The fire that was burning inside increased wherever he went, was not put out, coolness did not come, where is that coolness? In the trap of doubt-fallacies, superstitions, religious disputes, fights, factions, egoistic emotions, mind satisfactions, mind made rules, mind attracting entertainments etc, people experience so much poison that like addicts of intoxicants, they die following the rules of religion and syariah. Some become unconscious. It is not

ਸੰਸਾਰ ਜਲ ਰਿਹਾ ਹੈ । 'ਅੱਗਾਂ'—ਦਿਲਾਂ, ਸ਼ਹਿਰਾਂ, ਮੁਲਕਾਂ ਨੂੰ ਲਗੀਆਂ ਹੋਈਆਂ ਹਨ, ਆਪੋ ਧਾਪੀ ਪਈ ਹੋਈ ਹੈ, 'ਸ਼ੋਰ'-ਕੂੜ੍ਹ ਤ੍ਰਿਸ਼ਨਾ ਮਾਰ ਰਿਹਾ ਹੈ, ਏਹ **ਆਪਣੀ ਹੱਥੀਂ ਲਾਈਆਂ ਹੋਈਆਂ ਅੱਗਾਂ ਹਨ ।** ਇਸ ਅੱਗ ਵਿਚ ਕੋਈ ਰੱਬ ਦਾ ਬੰਦਾ 'ਕੋਟਨ ਮੈ ਕੋਊ' ਠੰਢਾ ਹੈ, ਉਹ ਅੱਗ ਵਿਚ ਬੈਠਾ ਠਢਾ ਹੈ, ਅੱਗ ਉਹਨੂੰ ਕੁਝ ਨਹੀਂ ਕਹਿੰਦੀ, ਉਹਦੇ ਸਿਰ ਤੇ ਲਾਲ ਸ਼ੋਅਲਿਆਂ ਦਾ ਤਾਜ ਬਣਾ ਕੇ ਅੱਗ ਕੁਰਬਾਨ ਹੁੰਦੀ ਹੈ ।

**ਠੰਢੀ ਸੁਰਤ, ਅੰਦਰ ਆਪੇ ਵਿਚ ਕੱਠੀ ਹੋਈ ਸੁਰਤ, ਇਕ ਨੁਕਤਾ ਹੈ,** ਜਿਹੜਾ ਹੱਥ ਨਹੀਂ **ਆਉਂਦਾ** ! 'ਇਕ ਨੁਕਤੇ ਵਿਚ ਗੱਲ ਮੁਕਦੀ ਹੈ' ।

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥ (ਪੰਨਾ-੪੬੭)

**ਕਾਮ, ਕ੍ਰੋਧ,** ਲੋਭ, ਮੋਹ ਤੇ ਅਹੰਕਾਰ, ਇਸ ਆਪਣੇ ਅੰਦਰ ਦੇ ਕੇਂਦਰ ਦੀ ਪ੍ਰਾਪਤੀ ਲਈ ਹਥਿਆਰ ਹਨ ਪਰ ਇਹਨਾਂ ਦੀਆਂ ਖਾਹਸ਼ਾਂ ਦੇ ਫੈਲਾਉ ਨੇ ਕਿੰਨੀ ਅੱਗ ਮਚਾ ਰੱਖੀ ਹੈ !

ਲੋਕ ਇਸ ਪਰਲੋ, ਕਿਆਮਤ, ਦੁਨਿਆਵੀ ਅੰਤ ਦੀ ਬਾਬਤ ਜਾਨਣ ਲਈ, ਬੜੇ ਉਤਾਵਲੇ ਹਨ ਤੇ ਪੁਛ ਗਿੱਛ ਕਰਦੇ ਫਿਰਦੇ ਹਨ, ਤੇ **ਭਵਿੱਖ ਬਾਣੀ** ਜਾਂ ਜੋਤਸ਼ ਦੀ ਘੋਖ ਕਰਦੇ ਹਨ । ਇਨ੍ਹਾਂ ਭੋਲੇ ਲੋਕਾਂ ਨੂੰ ਇਹ ਸੋਝੀ ਨਹੀਂ ਆਉਂਦੀ ਕਿ ਅਸੀਂ ਇਨਸਾਨਾਂ ਨੇ ਆਪਣੇ ਆਪ, ਆਪਣੇ ਹਿਰਦਿਆਂ **ਵਿਚ** ਜ਼ਹਿਰੀਲੇ ਖਿਆਲਾਂ ਦੇ **ਬੀਜ ਬੀਜੇ ਹਨ** ਤੇ ਗਲਤ ਕਰਮਾਂ ਦੁਆਰਾ ਪਾਪ ਕਰਕੇ **ਆਪਣੇ ਆਪ ਹੀ ਗੁੱਝੀ ਅੱਗ ਮਚਾਈ ਹੋਈ ਹੈ ।** ਅਸੀਂ ਇਸ ਨੂੰ ਦਿਨ-ਰਾਤ **ਵਧਾਉਂਦੇ, ਮਘਾਉਂਦੇ ਰਹਿੰਦੇ ਹਾਂ** ਤੇ ਇਸ ਦੀਆਂ ਜ਼ਹਿਰੀਲੀਆਂ ਕਿਰਨਾਂ **ਪੁਲਾੜ** ਵਿਚ ਭਰ-ਭਰ ਕੇ **ਆਪਣੀ ਤੇ ਸਾਰੀ ਕਾਇਨਾਤ ਦੀ ਤਬਾਹੀ ਦਾ ਕਾਰਨ ਬਣ ਰਹੇ ਹਾਂ ।** ਦੂਜੇ ਲਫ਼ਜ਼ਾਂ ਵਿਚ, ਆਉਣ ਵਾਲੀ **'ਪਰਲੋ ਜਾਂ ਕਿਆਮਤ'** ਦੇ ਵਰਤਣ ਦੇ **ਅਸੀਂ ਆਪ ਜ਼ਿਮੇਵਾਰ ਹਾਂ । 'ਪਾਪੀ ਕੇ ਮਾਰਨੇ ਕੋ ਪਾਪ ਮਹਾਂਬਲੀ ਹੈ' ।'**

500 ਸਾਲ ਪਹਿਲਾਂ ਗੁਰੂ ਬਾਬੇ ਨੇ ਕਲਜੁਗ ਦਾ ਭਿਆਨਕ ਵਰਤਾਰਾ ਵੇਖ ਕੇ ਸਾਨੂੰ ਇਹ ਤਾੜਨਾ ਕੀਤੀ ਸੀ —

ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥ (ਪੰਨਾ-੧੧੮੫)

ਇਸ ਵਿਸ਼ੇ ਤੇ ਕਿਸੇ ਭਵਿੱਖ ਬਾਣੀ ਜਾਂ ਜੋਤਸ਼ ਦੀ ਲੋੜ ਨਹੀਂ ।

**'ਜੋ ਮੈ ਕੀਆ ਸੋ ਮੈ ਪਾਇਆ'** ਦੇ ਅਟੱਲ ਅਸੂਲ ਅਨੁਸਾਰ ਸਾਡੇ **ਜ਼ਹਿਰੀਲੇ ਖਿਆਲਾਂ ਤੇ ਪਾਪਾਂ ਦਾ ਫਲ 'ਤਬਾਹੀ', ਅਵੱਸ਼ ਤੇ ਅਟੱਲ ਹੈ ।**

ਸਾਡੀ ਅਗਿਆਨਤਾ ਤੇ ਭਰਮ ਦੂਰ ਕਰਨ ਲਈ, ਤੇ ਸਾਨੂੰ ਨੀਵੇਂ ਖਿਆਲਾਂ, ਕਰਮਾਂ ਤੇ ਪਾਪਾਂ ਤੋਂ ਬਚਾਉਣ ਲਈ, ਆਦਿ ਤੋਂ ਅਨੇਕਾਂ ਪੀਰ, ਪੈਗੰਬਰ, ਔਲੀਏ, ਰਿਸ਼ੀ-ਮੁਨੀ, ਗੁਰੂ-ਅਵਤਾਰ ਆਏ ਤੇ ਆਪੋ-ਆਪਣੇ ਧਰਮਾਂ ਦੀ ਰਚਨਾ ਕਰਕੇ ਖਲਕਤ ਨੂੰ ਉਤਮ ਉਪਦੇਸ਼ਾਂ ਦੁਆਰਾ ਉੱਚੇ-ਸੁੱਚੇ ਜੀਵਨ ਦੀ ਸੇਧ ਦਿੰਦੇ ਰਹੇ । ਅਗਿਆਨਤਾ ਦੇ ਭਰਮ ਵਿਚੋਂ ਕੱਢ ਕੇ ਮਾਇਕੀ ਅੱਗ ਤੋਂ ਬਚਣ ਦਾ ਸਾਧਨ ਦੱਸਣ ਲਈ ਤੇ ਉੱਚੇ ਦੈਵੀ ਗੁਣ ਗ੍ਰਹਿਣ ਕਰਨ ਲਈ ਧਰਮ ਰਚੇ ਗਏ ਸੀ,



known why the world is burning like this. 'Fires'—are burning in hearts, towns, countries. Everyone is for himself, 'disorder'---falsehood, greedy desires are killing. These are self-ignited fires. In this fire some God's soul -'a rare one in millions' is cool, sitting in fire he is cool, the fire does not affect him, it makes a crown of red sparks on his head and sacrifices itself.

Cool attention, focused attention inside, is one point which does not come into our control. 'Everything is settled in that one point'.

1 *O Nanak, only one thing is of any account: everything else is useless babbling and idle talk in ego. (467)*

Lust, anger, greed, attachment and egotism are weapons for the acquisition of the nucleus inside us but the expansion of their needs has lighted so much fire.

People are very impatient to know about the calamity, destruction and the end of the world and go about making enquiries probing into predictions and astrology. These simple people are not becoming aware of the fact that we human beings have sown in our minds seeds of poisonous thoughts ourselves and through wrong actions having committed sins have lighted the hidden fire ourselves. Day and night we are increasing it, fanning it and filling up the ether with its poisonous rays, are becoming the cause of destruction of our own self and the whole creation. In other words, we ourselves are responsible for the impending 'calamity or destruction'. **'Sin is all powerful to destroy the sinner'.**

500 years ago Guru Baba (Nanak) seeing the dreadful prevalence of Kaliyug, the dark age, warned us as follows—

2 *Now, the Dark Age of Kali Yuga has come. Plant the Naam, the Name of the One Lord. It is not the season to plant other seeds. Do not wander lost in doubt and delusion. (1185)*

No prophesy or astrology is needed for this situation or topic.

According to the eternal principle of ***'whatever I did, for that I have suffered'***, the end-result of our poisonous thoughts and sins is certain and unavoidable destruction.

To eradicate our ignorance and illusions and to save us from low base thoughts, actions and sins, from time immemorial many spiritual guides, prophets, saints, gurus, incarnations have been coming and creating their respective religions and giving the masses lofty-pure life guidance through excellent teachings. Religions were created to take people out of the illusion of ignorance and to inform them of the means of escaping from the materialistic fire and to acquire lofty Divine virtues

**ਪਰ ਹੁਣ ਧਰਮਾਂ ਨੂੰ ਹੀ—**

ਈਰਖਾ-ਦਵੈਤ
ਵੈਰ-ਵਿਰੋਧ
ਨਫ਼ਰਤ
ਲੜਾਈ-ਝਗੜੇ
ਲਬ-ਲੋਭ
ਪਾਖੰਡ
ਹੰਕਾਰ
ਰਾਜਨੀਤੀ

**ਦੀ ਮਾਇਕੀ ਅੱਗ ਲੱਗ ਗਈ ਹੈ!** ਤਾਂ ਖਲਕਤ ਦਾ ਬਚਾਉ ਕੌਣ ਕਰੇ? **ਪਾਣੀ ਅੱਗ ਨੂੰ** ਬੁਝਾਉਂਦਾ ਹੈ, ਪਰ ਜੇ ਪਾਣੀ ਨੂੰ ਹੀ ਅੱਗ ਲਗ ਜਾਵੇ **ਤਾਂ ਅੱਗ ਕੌਣ ਬੁਝਾਵੇ?**

ਬਾਹਰਿ ਕੀ ਅਗਨਿ ਜਥੋਂ ਬੁਝੈ ਜਲ ਸਰਿਤਾ ਕੈ
ਨਾਉ ਮੈ ਜਉ ਆਗ ਲਾਗੈ ਕੈਸੇ ਕੈ ਬੁਝਾਈਐ ॥
ਬਾਹਰਿ ਸੈ ਭਾਗਿ ਓਟ ਲੀਜੀਅਤ ਕੋਟ ਗੜ
ਗੜ ਮੈ ਜੌ ਲੂਟ ਲੀਜੈ ਕਹੋ ਕਤ ਜਾਈਐ ॥
ਚੋਰਨ ਕੈ ਤ੍ਰਾਸ ਜਾਇ ਸਰਨ ਨਰਿੰਦ ਗਹੈ
ਮਾਰੈ ਮਹੀਪਤਿ ਜੀਉ ਕੈਸੇ ਕੈ ਬਚਾਈਐ ॥
ਮਾਯਾ ਡਰ ਡਰਪਤ ਹਾਰ ਗੁਰ ਦੁਆਰੇ ਜਾਵੈ
ਤਹਾਂ ਜੋ ਬਿਆਪੈ ਮਾਯਾ ਕਹਾਂ ਠਹਿਰਾਈਐ ॥ (ਕ.ਭਾ.ਗੁ. ੫੪੪)

ਸਾਡੇ ਪਾਪਾਂ ਤੇ ਗਿਲਾਨੀ ਦੀ ਅਤਿ ਹੋ ਚੁਕੀ ਹੈ, ਜੇਕਰ ਤਬਾਹੀ ਅਥਵਾ ਕਯਾਮਤ ਦਾ ਜਵਾਲਾਮੁਖੀ ਅਜੇ ਨਹੀਂ ਫੁਟਿਆ ਤਾਂ ਇਸ ਦਾ ਇਹੀ ਕਾਰਨ ਹੈ, ਕਿ ਵਿਰਲੇ ਗੁਰਮੁਖਾਂ, ਬਖਸ਼ੀਆਂ ਹੋਈਆਂ, ਨਾਮ-ਅਭਿਆਸੀ ਰੂਹਾਂ ਦੇ ਅੰਤ੍ਰ-ਆਤਮੇ ਵਿਚੋਂ ਦਇਆ, ਖਿਮਾ, ਰਸ, ਸ਼ਰਧਾ-ਭਾਵਨੀ ਦੀਆਂ ਅਰਦਾਸਾਂ **ਜ਼ਬਰਦਸਤ ਆਤਮਿਕ ਕਿਰਨਾਂ** (Divine Rays) ਪੁਲਾੜ ਵਿਚ ਫੈਲ ਕੇ, ਸਾਡੀ ਮਚਾਈ ਹੋਈ ਜ਼ਹਿਰੀਲੀ ਅੱਗ ਨੂੰ **ਪ੍ਰਭਾਵ ਹੀਣ** (neutral) **ਕਰ ਰਹੀਆਂ ਹਨ।**

ਗੁਰਬਾਣੀ ਵਿਚ ਭੀ ਗੁਰੂ ਸਾਹਿਬਾਂ ਨੇ ਭੀ ਸੜਦੀ-ਬਲਦੀ ਦੁਨੀਆਂ ਤੇ ਤਰਸ ਕਰਕੇ ਇਉਂ ਅਰਦਾਸ ਕੀਤੀ ਹੈ—

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ (ਪੰਨਾ-੮੫੩)



but now the religions themselves have caught the materialistic fire of—

Jealousy-duality
Enmity-opposition
Hatred
Fights-arguments
Greed
Hypocrisy
Egotism
Politics.

So who will save the masses? Water puts out fire but if water catches fire then who will put out the fire?

Fire burning outside the stream can be extinguished with the water of the stream, but if the boat in the river catches fire, how can that be extinguished?

Escaping from the attack of a robber while out in the open, one can run and take shelter in a fort or such other place but when someone robs in the fort, what can be done then?

If for fear of thieves one takes refuge with a ruler but if the ruler starts punishing, then what can be done?

Fearing the dragon -the net of worldly compulsions- if one goes to the door of the Guru, but if maya (worldliness) overpowers him there too, then where is the escape?

(KBG 544)

Our sins and mental degradation have reached their limit. If destruction or the volcano of calamity has not exploded, it is because of the prayers of rare guru-oriented, spiritually elevated, Naam-practising souls from whose innermost consciousness mercy, forgiveness, love, faith-oriented desire, emit strong Divine rays which spreading in the ether are neutralizing our self-lighted poisonous fire.

In Gurbani too the Guru Sahibs taking pity on the burning- smouldering world prayed thus—

2 *The world is going up in flames - shower it with Your Mercy, and save it!*
*Save it, and deliver it, by whatever method it takes.* *(853)*

ਗੁਰੂ ਬਾਬੇ ਨੇ, ਆਪੂੰ ਬਾਲੀ ਇਸ ਅੱਗ ਤੋਂ ਬਚਣ ਦੇ ਸਾਨੂੰ ਬੜੇ ਸੋਹਣੇ ਨੁਸਖੇ ਦਸੇ ਹਨ—

ਮਨ ਮੇਰੇ ਗਹੁ ਹਰਿ ਨਾਮ ਕਾ ਓਲਾ ॥
ਤੁਝੈ ਨ ਲਾਗੈ ਤਾਤਾ ਝੋਲਾ ॥ (ਪੰਨਾ-੧੭੯)

ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਹਰਿ ਸਰਣਾਈ ਰਾਮ ॥ (ਪੰਨਾ-੫੭੧)

ਕਲਿ ਤਾਤੀ ਠਾਂਢਾ ਹਰਿ ਨਾਉ ॥
ਸਿਮਰਿ ਸਿਮਰਿ ਸਦਾ ਸੁਖ ਪਾਉ ॥ (ਪੰਨਾ-੨੮੮)

ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥ (ਪੰਨਾ-੧੨੯੧)

ਜਿੰਨਾ ਚਿਰ ਅਸੀਂ ਗੁਰੂ ਬਾਬਾ ਜੀ ਦੇ ਇਨ੍ਹਾਂ ਤੱਤ ਉਪਦੇਸ਼ਾਂ ਤੇ ਅਮਲ ਨਹੀਂ ਕਰਦੇ, ਸ੍ਰਿਸ਼ਟੀ ਦਾ ਇਸ **'ਅੰਦਰਲੀ ਜ਼ਹਿਰੀਲੀ ਅੱਗ'** ਤੇ ਇਸ ਦੇ **ਲਾਵੇ** ਨਾਲ ਸੜ ਕੇ **ਤਬਾਹ ਹੋਣਾ ਲਾਜ਼ਮੀ ਤੇ ਅਟੱਲ ਹੈ।**

**'ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ ਹੈ'** ॥

—×—



Guru Baba (Nanak) has given us very beautiful prescriptions to escape this self-lighted fire—

1 *O my mind, hold tight to the Support of the Lord's Name.*
*The hot winds shall never even touch you.* *(179)*

2 *Seeing that this world on fire, I have hurried to the Sanctuary of the Lord.* *(571)*

3 *The Dark Age of Kali Yuga is so hot; the Lord's Name is soothing and cool.*
*Remember, remember it in meditation, and obtain everlasting peace.* *(288)*

4 *The world is on fire; the Name of the Lord is cooling and soothing.* *(1291)*

As long as we do not practice these essential teachings of Guru Baba Ji, the destruction of the creation with this 'internal poisonous fire' and its lava is mandatory and unavoidable.

**'SIN IS ALL POWERFUL TO DESTROY THE SINNER'**